
People's Herald
Rs- 100/month
People's Herald



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610
ਪਟਿਆਲਾ
“Equality and Justice”
स्वतंत्रता, समानता, भाईचारा
PATIALA On line paper 22 ਸਤੰਬਰ 2025 ਸੋਮਵਾਰ “ਰੋਜ਼ਾਨਾ” ਚੌਥਾ ਸਾਲ w.e.f. 15 August 2022 ਪਟਿਆਲਾ
ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## 30 ਸਤੰਬਰ ਤਕ ਐਸ.ਆਈ.ਆਰ. ਲਾਗੂ ਕਰਨ ਲਈ ਸਮਾਂ ਸੀਮਾ ਨਿਰਧਾਰਤ ਕੀਤੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 22 ਸਤੰਬਰ INTERNATIONAL PAPER, 94636 01616 hardipchumber57@gmail.com




ਨਵੀਂ ਦਿੱਲੀ : ਚੋਣ ਕਮਿਸ਼ਨ ਨੇ ਆਪਣੇ ਸੂਬਿਆਂ ਦੇ ਚੋਣ ਅਧਿਕਾਰੀਆਂ ਨੂੰ 30 ਸਤੰਬਰ ਤਕ ਐਸ.ਆਈ.ਆਰ. ਲਈ ਤਿਆਰ ਰਹਿਣ ਲਈ ਕਿਹਾ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਚੋਣ ਕਮਿਸ਼ਨ ਵੋਟਰ ਸੂਚੀ ਸ਼ੁੱਧੀਕਰਨ ਦਾ ਅਭਿਆਸ ਅਕਤੂਬਰ-ਨਵੰਬਰ ਤੱਕ ਸ਼ੁਰੂ ਹੋ ਸਕਦਾ ਹੈ।

ਅਧਿਕਾਰੀਆਂ ਮੁਤਾਬਕ ਇਸ ਮਹੀਨੇ ਦੀ ਸ਼ੁਰੂਆਤ ’ਚ ਸੂਬਾ ਮੁੱਖ ਚੋਣ ਅਧਿਕਾਰੀਆਂ (ਸੀ.ਈ.ਓ.) ਦੀ ਇਕ ਕਾਨਫਰੰਸ ’ਚ ਚੋਣ ਕਮਿਸ਼ਨ ਦੇ ਚੋਟੀ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਅਗਲੇ 10 ਤੋਂ 15 ਦਿਨਾਂ ’ਚ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਲਾਗੂ ਕਰਨ ਲਈ ਤਿਆਰ ਰਹਿਣ ਲਈ ਕਿਹਾ ਸੀ। ਪਰ ਵਧੇਰੇ ਸਪੱਸ਼ਟਤਾ ਲਈ, 30 ਸਤੰਬਰ ਦੀ ਸਮਾਂ ਸੀਮਾ ਨਿਰਧਾਰਤ ਕੀਤੀ ਗਈ ਸੀ।

ਮੁੱਖ ਚੋਣ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਅਪਣੇ ਸੂਬਿਆਂ ਦੀਆਂ ਵੋਟਰ ਸੂਚੀਆਂ ਤਿਆਰ ਰੱਖਣ, ਜੋ ਪਿਛਲੇ ਐੱਸ.ਆਈ.ਆਰ. ਤੋਂ ਬਾਅਦ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਕਈ ਸੂਬਿਆਂ ਦੇ ਸੀ.ਈ.ਓ. ਪਹਿਲਾਂ ਹੀ ਆਪਣੀਆਂ ਵੈਬਸਾਈਟਾਂ ਉੱਤੇ ਆਪਣੀ ਆਖਰੀ ਐਸ.ਆਈ.ਆਰ. ਤੋਂ ਬਾਅਦ ਪ੍ਰਕਾਸ਼ਤ ਵੋਟਰ ਸੂਚੀਆਂ ਪਾ ਚੁਕੇ ਹਨ।

ਦਿੱਲੀ ਦੇ ਮੁੱਖ ਚੋਣ ਅਧਿਕਾਰੀ ਦੀ ਵੈੱਬਸਾਈਟ ਉੱਤੇ 2008 ਦੀ ਵੋਟਰ ਸੂਚੀ ਹੈ, ਜਦੋਂ ਆਖਰੀ ਵਾਰ ਕੌਮੀ ਰਾਜਧਾਨੀ ’ਚ ਸੋਧ ਕੀਤੀ ਗਈ ਸੀ। ਉਤਰਾਖੰਡ ’ਚ, ਆਖਰੀ ਐਸ.ਆਈ.ਆਰ. 2006 ਵਿੱਚ ਹੋਈ ਸੀ ਅਤੇ ਉਸ ਸਾਲ ਦੀ ਵੋਟਰ ਸੂਚੀ ਹੁਣ ਸੂਬੇ ਦੇ ਸੀ.ਈ.ਓ. ਦੀ ਵੈਬਸਾਈਟ ਉੱਤੇ ਹੈ। ਸੂਬਿਆਂ ’ਚ ਆਖਰੀ ਐਸ.ਆਈ.ਆਰ. ‘ਕੱਟ-ਆਫ ਡੇਟ’ ਦੇ ਤੌਰ ਉੱਤੇ ਕੰਮ ਕਰੇਗੀ, ਜਿਵੇਂ ਕਿ ਚੋਣ ਕਮਿਸ਼ਨ ਵੱਲੋਂ ਬਿਹਾਰ ਦੀ 2003 ਦੀ ਵੋਟਰ ਸੂਚੀ ਦੀ ਵਰਤੋਂ ਕੀਤੀ ਜਾ ਰਹੀ ਹੈ। ਬਹੁਤੇ ਸੂਬਿਆਂ ਵਿੱਚ 2002 ਅਤੇ 2004 ਦੇ ਵਿਚਕਾਰ ਆਖਰੀ ਐੱਸ.ਆਈ.ਆਰ. ਸੀ ਅਤੇ ਪਿਛਲੀ ਤੀਬਰ ਸੋਧ ਦੇ ਅਨੁਸਾਰ ਮੌਜੂਦਾ ਵੋਟਰਾਂ ਦੀ ਨਕਸ਼ਾਬੰਦੀ ਲਗਭਗ ਪੂਰੀ ਕਰ ਲਈ ਹੈ।

ਚੋਣ ਕਮਿਸ਼ਨ ਨੇ ਕਿਹਾ ਹੈ ਕਿ ਬਿਹਾਰ ਤੋਂ ਬਾਅਦ ਪੂਰੇ ਦੇਸ਼ ਵਿੱਚ ਐਸ.ਆਈ.ਆਰ. ਦੀ ਕਾਰਵਾਈ ਕੀਤੀ ਜਾਵੇਗੀ। ਅਸਾਮ, ਕੇਰਲ, ਪੁਡੂਚੇਰੀ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ 2026 ਵਿਚ ਹੋਣੀਆਂ ਹਨ। ਤੀਬਰ ਸੋਧ ਦਾ ਮੁੱਢਲਾ ਉਦੇਸ਼ ਵਿਦੇਸ਼ੀ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਜਨਮ ਸਥਾਨ ਦੀ ਜਾਂਚ ਕਰ ਕੇ ਬਾਹਰ ਕੱਢਣਾ ਹੈ। ਬੰਗਲਾਦੇਸ਼ ਅਤੇ ਮਿਆਂਮਾਰ ਸਮੇਤ ਵੱਖ-ਵੱਖ ਸੂਬਿਆਂ ਵਿੱਚ ਗੈਰ-ਕਾਨੂੰਨੀ ਵਿਦੇਸ਼ੀ ਪ੍ਰਵਾਸੀਆਂ ਉੱਤੇ ਕਾਰਵਾਈ ਦੇ ਮੱਦੇਨਜ਼ਰ ਇਹ ਕਦਮ ਮਹੱਤਵਪੂਰਨ ਹੈ।

## ਭਾਰਤੀ ਕਮਿਊਨਿਸਟ ਪਾਰਟੀ (CPI) ਵੱਲੋਂ ਮਹਾਂ ਸੰਮੇਲਨ ਦੇ ਪਹਿਲੇ ਦਿਨ ਮੋਹਾਲੀ ’ਚ ਰੈਲੀ

### ਫਾਸ਼ੀਵਾਦ ਨੂੰ ਰੋਕਣ, ਸੰਵਿਧਾਨ ਦੀ ਰਾਖੀ ਕਰਨ ਦਾ ਦਿੱਤਾ ਸੱਦਾ, ਕੇਂਦਰ ਦੀ ਭਾਜਪਾ ਸਰਕਾਰ ਜਮਹੂਰੀਅਤ ਮਾਰੂ, ਲੋਕਾਂ ਨੂੰ ਵੰਡ ਅਤੇ ਫਾਸ਼ੀਵਾਦੀ ਰਸਤੇ ਉਤੇ ਵਧ ਰਹੀ ਹੈ : ਡੀ ਰਾਜਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 22 ਸਤੰਬਰ INTERNATIONAL PAPER, 94636 01616 hardipchumber57@gmail.com




ਭਾਰਤੀ ਕਮਿਊਨਿਸਟ ਪਾਰਟੀ (CPI) ਦੇ 25ਵੇਂ ਮਹਾਂ ਸੰਮੇਲਨ ਦੇ ਪਹਿਲੇ ਦਿਨ ਅੱਜ ਮੋਹਾਲੀ ਦੀ ਅਨਾਜ਼ ਮੰਡੀ ਵਿੱਚ ਇਕ ਲਾਮਿਸਾਲ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਲਾਲ ਝੰਡਿਆਂ ਨਾਲ ਵਰਕਰ ਪਹੁੰਚੇ।

ਇਹ ਵਿਸ਼ਾਲ ਜਨਤਕ ਰੈਲੀ, ਕਿਸਾਨ ਭਵਨ ਚੰਡੀਗੜ੍ਹ ਵਿੱਚ ਹੋ ਰਹੇ ਸੀਪੀਆਈ ਦੇ 25ਵੇਂ ਮਹਾਂ ਸੰਮੇਲਨ ਦੇ ਪਹਿਲੇ ਦਿਨ ਉਸਦੀ ਆਵਾਜ਼ ਅਤੇ ਸੁਨੇਹਾ ਆਮ ਲੋਕਾਂ ਅਤੇ ਖਾਸ ਕਰਕੇ ਪੰਜਾਬ ਦੇ ਮਿਹਨਤਕਸ਼ਾਂ ਤਕ ਪਹੁੰਚਾਉਣ ਲਈ ਅਤੇ ਦੇਸ਼ ਭਰ ਵਿਚੋਂ ਆਏ ਲਗਭਗ 900 ਡੈਲੀਗੇਟਾਂ ਨੂੰ ਆਪਣਾ ਸਮਰਥਨ ਅਤੇ ਸਤਿਕਾਰ ਦੇਣ ਲਈ ਬੁਲਾਈ ਗਈ

ਰੈਲੀ ਨੂੰ ਸੀਪੀਆਈ ਦੇ ਜਨਰਲ ਸਕੱਤਰ ਡੀ. ਰਾਜਾ, ਪਾਰਟੀ ਦੀ ਕੌਮੀ ਸਕੱਤਰ ਅਮਰਜੀਤ ਕੌਰ, ਪੰਜਾਬ ਸੀਪੀਆਈ ਦੇ ਸਕੱਤਰ ਬੰਤ ਸਿੰਘ ਬਰਾੜ ਅਤੇ ਕੌਮੀ ਕੌਂਸਲ ਮੈਂਬਰਾਨ ਹਰਦੇਵ ਅਰਸ਼ੀ, ਜਗਰੂਪ ਸਿੰਘ, ਨਿਰਮਲ ਸਿੰਘ ਧਾਲੀਵਾਲ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ 25ਵਾਂ ਮਹਾਂ ਸੰਮੇਲਨ ਅਜੋਕੀ ਖਤਰਨਾਕ ਪ੍ਰਸਥਿਤੀ ਵਿੱਚ ਦੇਸ਼ ਦਾ ਭਵਿੱਖ ਨਿਖਾਰਨ ਲਈ ਰਸਤਾ ਉਲੀਕੇਗਾ।

ਡੀ.ਰਾਜਾ ਨੇ ਪੰਜਾਬ ਵਿੱਚ ਹੜ੍ਹਾਂ ਕਾਰਨ ਵਾਪਰੀ ਤਬਾਹੀ ਉਤੇ ਪੀੜਤ ਪਰਿਵਾਰਾਂ ਦਾ ਦੁੱਖ ਵੰਡਾਇਆ ਅਤੇ ਸਾਥੀਆਂ ਨੂੰ ਸ਼ਾਬਾਸ਼ ਦਿੱਤੀ ਕਿ ਉਹ ਹੜ੍ਹਾਂ ਦੀ ਤਬਾਹੀ ਦਾ ਟਾਕਰਾ ਕਰਦੇ ਹੋਏ ਏਨੀ ਵੱਡੀ ਗਿਣਤੀ ਵਿੱਚ ਇਥੇ ਰੈਲੀ ਵਿੱਚ ਪਹੁੰਚੇ ਹਨ, ਤੇ ਉਹ ਵੀ ਉਤਸ਼ਾਹ ਅਤੇ ਜੋਸ਼ ਨਾਲ ਭਰੇ ਹੋਏ। ਉਨ੍ਹਾਂ ਆਖਿਆ ਕਿ ਦੇਸ਼ ਦੀ ਭਾਜਪਾ ਸਰਕਾਰ ਜਮਹੂਰੀਅਤ ਮਾਰੂ, ਲੋਕਾਂ ਨੂੰ ਵੰਡ, ਅਤੇ ਫਾਸ਼ੀਵਾਦੀ ਰਸਤੇ ਉਤੇ ਵਧ ਰਹੀ ਹੈ, ਅਤੇ ਪੰਜਾਬ ਦੇ ਲੋਕਾਂ ਦਾ ਜੇਰਾ ਸਾਰੇ ਦੇਸ਼ ਦਾ ਪ੍ਰਤੀਕ ਹੈ ਕਿ ਉਹ ਰਸਸ-ਭਾਜਪਾ ਦੀਆਂ ਕੋਝੀਆਂ ਚਾਲਾਂ ਨੂੰ ਸਫਲ ਨਹੀਂ ਹੋਣ ਦੇਣਗੇ। ਅਮਰਜੀਤ ਕੌਰ, ਜੋ ਏਟਕ ਦੇ ਜਨਰਲ ਸਕੱਤਰ ਵੀ ਹਨ, ਨੇ ਕਿਹਾ ਕਿ ਭਾਜਪਾ ਸਰਕਾਰ ਮਜ਼ਦੂਰਾਂ ਦੇ ਹੱਕ ਖੋਹਣ ਅਤੇ ਸਾਰਾ ਕੁਝ ਕਾਰਪੋਰੇਟਾਂ ਦੇ ਹਵਾਲੇ ਕਰਨ ਉਤੇ ਲਗੀ ਹੋਈ ਹੈ। ਪਰ ਮਜ਼ਦੂਰ ਜਮਾਤ ਆਪਣੇ ਇਤਹਾਦੀਆਂ ਨਾਲ ਮਿਲਕੇ ਉਨ੍ਹਾਂ ਨੂੰ ਭਾਂਜ ਦੇਵੇਗੀ। ਪੰਜਾਬ ਸੀਪੀਆਈ ਦੇ ਆਗੂਆਂ ਨੇ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਪੰਜਾਬ ਅਤੇ ਪੰਜਾਬੀ-ਵਿਰੋਧੀ ਨੀਤੀਆਂ ਅਤੇ ਕਾਰਵਾਈਆਂ ਦੀ ਸਖਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰੀ ਸਰਕਾਰ ਫੈਡਰਲ ਢਾਂਚੇ ਅਤੇ ਰਾਜਾਂ ਦੇ ਅਧਿਕਾਰਾਂ ਉਤੇ ਛਾਪਾ ਮਾਰ ਰਹੀ ਹੈ। ਉਨ੍ਹਾਂ ਬੇਰੁਜ਼ਗਾਰੀ ਦੇ ਮਸਲੇ ਨੂੰ ਚੁੱਕਦਿਆਂ, ਸ਼ਹੀਦ ਭਗਤ ਸਿੰਘ ਦੇ ਨਾਂਅ ਉਤੇ ਰੁਜ਼ਗਾਰ ਗਰੰਟੀ ਅਤੇ ਕੰਮ ਦੇ ਅਧਿਕਾਰ ਲਈ ‘ਬਨੇਗਾ’ ਬਣਾਉਣ ਦੀ ਜ਼ੋਰਦਾਰ ਮੰਗ ਕੀਤੀ। ਉਨ੍ਹਾਂ ਮਜ਼ਦੂਰਾਂ, ਕਿਸਾਨਾਂ, ਖੇਤ ਮਜ਼ਦੂਰਾਂ, ਮੁਲਾਜ਼ਮਾਂ, ਦੁਕਾਨਦਾਰਾਂ, ਇਸਤਰੀਆਂ ਦੀਆਂ ਮੰਗਾਂ ਨੂੰ ਉਠਾਇਆ। ਹੜ੍ਹ-ਪੀੜਤਾਂ ਨੂੰ ਵਧੇਰੇ ਮੁਆਵਜ਼ਾ ਦੇਣ ਅਤੇ ਮੋਹਾਲੀ ਤੇ ਹੋਰ ਸ਼ਹਿਰਾਂ ਦੀਆਂ ਬੇਸਮੈਂਟਾਂ ਵਿਚ ਵੜਕੇ ਪਾਣੀ ਵਲੋਂ ਕੀਤੇ ਦੁਕਾਨਦਾਰਾਂ ਦੇ ਨੁਕਸਾਨ ਲਈ ਮੁਆਵਜ਼ਾ ਮੰਗਿਆ।

ਲਾਲ ਝੰਡਿਆਂ, ਮੰਗਾਂ ਦੇ ਮਾਟੋਆਂ ਅਤੇ 25ਵੇਂ ਮਹਾਂ ਸੰਮੇਲਨ ਦੇ ਬੈਨਰਾਂ ਨਾਲ ਭਰੇ ਹੋਏ ਹਾਲ ਵਿੱਚ ਇਨਕਲਾਬ ਜ਼ਿੰਦਾਬਾਦ ਦੇ ਨਾਹਰਿਆਂ ਨੇ ਆਸਾ ਪਾਸਾ ਇਨਕਲਾਰੀ ਬਣਾ ਦਿਤਾ ਸੀ। ਕੌਮੀ ਤੇ ਸੂਬਾਈ ਬੁਲਾਰਿਆਂ ਸਭ ਨੇ ਸੀਪੀਆਈ ਦੀ ਜਨਮ ਸ਼ਤਾਬਦੀ ਉਤੇ ਇਤਿਹਾਸ ਵਿੱਚ ਕੀਤੇ ਸੰਘਰਸ਼ਾਂ ਅਤੇ ਬਲੀਦਾਨਾਂ ਉਤੇ ਗੌਰਵ ਮਹਿਸੂਸ ਕੀਤਾ। ਮੋਹਾਲੀ-ਚੰਡੀਗੜ੍ਹ ਰੈਲੀ ਨੇ ਕਿਹਾ ਕਿ ਹੜ੍ਹਾਂ ਅਤੇ ਤਬਾਹੀਆਂ ਦਰਮਿਆਨ ਅਸੀਂ ਸੱਦਾ ਦਿੰਦੇ ਹਾਂ ਕਿ ਫਾਸ਼ੀਵਾਦ ਨੂੰ ਰੋਕੋ, ਸੰਵਿਧਾਨ ਦੀ ਰਾਖੀ ਕਰੋ ਅਤੇ ਬਰਾਬਰੀ, ਸਮਾਜਿਕ ਨਿਆਂ, ਧਰਮ-ਨਿਰਪੱਖਤਾ, ਜਮਹੂਰੀਅਤ ਅਤੇ ਸਮਾਜਵਾਦ ਵਾਲੇ ਭਾਰਤ ਵੱਲ ਵੱਧੋ।

## ਲੁਧਿਆਣਾ ਵਿੱਚ ‘ਆਪ’ ਆਗੂ ਦੇ ਘਰ ’ਤੇ ਹਮਲਾ; ਨਸ਼ਾ ਤਸਕਰਾਂ ਵਿਰੁੱਧ ਸੂਚਨਾ ਦੇਣ ਕਰਕੇ ਚਲਾਈਆਂ ਗੋਲੀਆਂ

### ਹਮਲਾਵਰਾਂ ਨੇ ਮੁੱਖ ਗੇਟ ’ਤੇ ਚਲਾਈਆਂ ਗੋਲੀਆਂ; ਕਾਰ ਨੂੰ ਲਾਈ ਅੱਗ; ਪਰਿਵਾਰ ਨੂੰ ਵੀ ਧਮਕਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 22 ਸਤੰਬਰ INTERNATIONAL PAPER, 94636 01616 hardipchumber57@gmail.com



ਲਹਿਰਾ ਪਿੰਡ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਨਸ਼ਾ ਤਸਕਰਾਂ ਵਿਰੁੱਧ ਸੂਚਨਾ ਦੇਣ ਵਾਲੇ ਸੁਖਵਿੰਦਰ ਸਿੰਘ ਛਿੰਦਾ ਦੇ ਘਰ ਛੇ-ਸੱਤ ਹਥਿਆਰਬੰਦ ਹਮਲਾਵਰਾਂ ਨੇ ਹਮਲਾ ਕਰ ਦਿੱਤਾ।

ਹਮਲਾਵਰਾਂ ਨੇ ਮੁੱਖ ਗੇਟ ’ਤੇ ਪੰਜ-ਸੱਤ ਗੋਲੀਆਂ ਚਲਾਈਆਂ ਅਤੇ ਘਰ ਵਿੱਚ ਦਾਖਲ ਹੋ ਕੇ ਪਰਿਵਾਰ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ। ਉਨ੍ਹਾਂ ਨੇ ਛਿੰਦਾ ਦੀ ਕਾਰ ਨੂੰ ਅੱਗ ਲਾ ਦਿੱਤੀ ਅਤੇ ਹਨੇਰੇ ਦਾ ਫਾਇਦਾ ਉਠਾ ਕੇ ਭੱਜ ਗਏ।

ਦੇਹਲੋਂ ਪੁਲੀਸ ਨੇ ਮੁੱਖ ਮੁਲਜ਼ਮ ਮਾਨਕ ਅਤੇ ਉਸ ਦੇ ਸਾਥੀ ਵਿਰੁੱਧ ਐਫਆਈਆਰ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਏਸੀਪੀ ਹਰਜਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਦੇਹਲੋਂ ਐਸਐਚਓ ਸੁਖਜਿੰਦਰ ਸਿੰਘ ਦੀ ਅਗਵਾਈ ਵਿੱਚ ਪੁਲੀਸ ਮੁਲਜ਼ਮਾਂ ਦੀ ਭਾਲ ਵਿੱਚ ਹੈ, ਜਿਨ੍ਹਾਂ ਨੇ ਰਾਤ 11 ਵਜੇ ਦੇ ਕਰੀਬ ਹਮਲਾ ਕੀਤਾ।

ਹਮਲੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋਇਆ ਪਰ ਛਿੰਦਾ ਜੋ ਪੋਹਿਰ ਟਰੱਕ ਯੂਨੀਅਨ ਦਾ ਪ੍ਰਧਾਨ ਵੀ ਹੈ, ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੇ ਬਣਨ ਤੋਂ ਬਾਅਦ ਨਸ਼ਾ ਤਸਕਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਵਿਰੁੱਧ ਅਵਾਜ਼ ਉਠਾਉਣ ਕਾਰਨ ਉਸ ਨੂੰ ਸਬਕ ਸਿਖਾਉਣ ਲਈ ਹਮਲਾ ਹੋਇਆ।

ਗਿੱਲ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੇ ਨਜ਼ਦੀਕੀ ਸੁਖਵਿੰਦਰ ਨੇ ਕਿਹਾ ਕਿ ਉਹ ਕਿਸੇ ਵੀ ਕੀਮਤ ’ਤੇ ਨਸ਼ਿਆਂ ਵਿਰੁੱਧ ਲੜਾਈ ਨਹੀਂ ਰੋਕੇਗਾ।

## ਮੁੱਖ ਮੰਤਰੀ ਭਗਵੰਤ ਮਾਨ ਨੇ 2026 ਦੇ ਬਜਟ ਵਿੱਚ ਔਰਤਾਂ ਨੂੰ 1100 ਰੁਪਏ ਦੇ ਦੇਣ ਦਾ ਐਲਾਨ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 22 ਸਤੰਬਰ INTERNATIONAL PAPER, 94636 01616 hardipchumber57@gmail.com

ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਔਰਤਾਂ ਨੂੰ 1000 ਰੁਪਏ ਦੇਣ ਦਾ ਕੀਤਾ ਗਿਆ ਵਾਅਦਾ ਛੇਤੀ ਹੀ ਪੂਰਾ ਹੋ ਜਾਵੇਗਾ। ਔਰਤਾਂ ਨੂੰ ਇਸ ਸਬੰਧੀ ਛੇਤੀ ਖੁਸ਼ਖਬਰੀ ਮਿਲੇਗੀ। ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਔਰਤਾਂ ਨਾਲ ਕੀਤਾ ਵਾਅਦਾ ਪੂਰਾ ਕਰ ਦਿੱਤਾ ਜਾਵੇਗਾ। ਇਕ ਨਿੱਜੀ ਚੈਨਲ ਉਤੇ ਮੁੱਖ ਮੰਤਰੀ ਭਗਵੰਤ ਮਾਨ ਨੇ 2026 ਦੇ ਬਜਟ ਵਿੱਚ ਔਰਤਾਂ ਨੂੰ 1100 ਰੁਪਏ ਦੇ ਦੇਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਅਗਲੇ ਸਾਲ 2026 ਦਾ ਬਜਟ ਪਾਸ ਹੋਣ ਤੋਂ ਬਾਅਦ ਸੂਬੇ ਦੀਆਂ ਸਾਰੀਆਂ ਔਰਤਾਂ ਨੂੰ ਸਰਕਾਰ ਦੇ ਵਾਅਦੇ




ਮੁਤਾਬਕ 1100 ਰੁਪਏ ਮਿਲਣੇ ਸ਼ੁਰੂ ਹੋ ਜਾਣਗੇ।

# ਸਨਮਾਨ ਯਾਤਰਾ ਦਾ ਪਿੰਡ ਗੁਣਾਚੌਰ ਵਿਖੇ ਭਰਵਾਂ ਸਵਾਗਤ,, ਵਿਜੈ ਗੁਣਾਚੌਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਸਤੰਬਰ
INTERNATIONAL PAPER, 94636 01616
hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ) ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਵਿੱਚ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਸ਼ੁਰੂ ਹੋਈ ਸਨਮਾਨ ਯਾਤਰਾ ਦਾ ਪਿੰਡ ਗੁਣਾਚੌਰ ਵਿਖੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਪਿੰਡ ਦੇ ਸਾਬਕਾ ਸਰਪੰਚ ਬਾਬੂ ਅਜੀਤ ਰਾਮ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆਂ ਆਖਿਆ। ਸਨਮਾਨ ਯਾਤਰਾ ਸਬੰਧੀ ਜਾਣਕਾਰੀ ਦਿੰਦਿਆਂ ਬਸਪਾ ਜ਼ਿਲ੍ਹਾ ਜਥੇਬੰਦਕ ਸਕੱਤਰ ਸ੍ਰੀ ਵਿਜੈ ਗੁਣਾਚੌਰ ਨੇ ਦੱਸਿਆ ਕਿ ਇਹ ਸਨਮਾਨ ਯਾਤਰਾ ਗੁਰੂ ਜੀ ਗੁਰੂ ਘਰਾਂ ਨਾਲ ਹੋ ਰਹੀਆਂ ਬੇਅਦਬੀਆਂ ਦੇ ਖ਼ਿਲਾਫ਼ ਕੱਢੀ ਗਈ ਹੈ। ਉਹਨਾਂ ਦੱਸਿਆ ਕਿ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਵਿਚ ਸਰਕਾਰ ਪ੍ਰਤੀ ਬੇਹੱਦ ਰੋਸ ਹੈ। ਖੁਰਾਲਗੜ੍ਹ ਸਾਹਿਬ ਤੋਂ ਲੈ ਕੇ ਫਿਲੌਰ ਤੱਕ ਪਿੰਡ ਪਿੰਡ ਸੰਗਤਾਂ ਦਾ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਲਈ ਲੰਗਰਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਯਾਤਰਾ ਦੀ ਅਗਵਾਈ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ, ਵਿਧਾਇਕ ਅਤੇ ਇੰਚਾਰਜ ਬਸਪਾ ਪੰਜਾਬ ਡਾਕਟਰ ਨਛੱਤਰ ਪਾਲ ਜੀ, ਇੰਚਾਰਜ ਅਜੀਤ ਸਿੰਘ ਭੈਣੀ ਜੀ, ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਪੰਜਾਬ, ਚੌਧਰੀ ਗੁਰਨਾਮ ਸਿੰਘ ਕੋਆਰਡੀਨੇਟਰ ਪੰਜਾਬ, ਪ੍ਰਵੀਨ ਬੰਗਾ ਜਰਨਲ ਸਕੱਤਰ ਪੰਜਾਬ, ਤੀਰਥ ਰਾਜਪੁਰਾ ਜਨਰਲ ਸਕੱਤਰ ਪੰਜਾਬ, ਲਾਲ ਚੰਦ ਔਜਲਾ ਜਨਰਲ ਸਕੱਤਰ ਪੰਜਾਬ ਅਤੇ ਸੰਤ ਮਹਾਂਪੁਰਸ਼ ਸੰਤ ਕੁਲਵੰਤ ਰਾਮ ਜੀ, ਸਾਈਂ ਪੱਪਲ ਸ਼ਾਹ ਜੀ ਕਰ ਰਹੇ ਸਨ।

ਗੁਣਾਚੌਰ ਪਿੰਡ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਸਵਾਗਤ ਲਈ ਬੱਸ ਸਟੈਂਡ ਵਿਖੇ ਹਾਜ਼ਰ ਰਹੀਆਂ। ਇਸ ਮੌਕੇ ਤੇ ਪਿੰਡ ਦੇ ਸਰਪੰਚ ਤਲਵਿੰਦਰ ਸਿੰਘ, ਮੈਂਬਰ ਪੰਚਾਇਤ ਗੁਰਦੇਵ ਰਾਮ, ਭਲਵਾਨ ਜਗਦੀਸ਼ ਗੁਰੂ, ਕੁਲਦੀਪ ਵਿਰਦੀ, ਪਰਮਜੀਤ ਕਾਕਾ ਕਲਸੀ, ਮਦਨ ਕਲਸੀ, ਮਾਸਟਰ ਕੇਵਲ ਰਾਮ, ਤਰਲੋਕ ਚੰਦ, ਹੇਮ ਰਾਜ, ਲਾਲ ਚੰਦ, ਖੁਸ਼ੀ ਰਾਮ, ਦੇਬ ਰਾਮ, ਨਰੇਸ਼ ਕੁਮਾਰ ਸੁੰਡਾ, ਰਾਮ ਪ੍ਰਕਾਸ਼, ਰਾਮ ਦਾਸ, ਗੁਰਮੀਤ ਰਾਮ (ਮੀਤ ਬਸਰਾ), ਹਰਿੰਜਦਰ ਕੁਮਾਰ (ਹੈਪੀ ਬਸਰਾ) ਸੁਰਿੰਦਰ ਪਾਲ, ਰਾਣਾ, ਸੋਹਣ ਲਾਲ, ਚਮਨ ਲਾਲ, ਪਵਨ ਕੁਮਾਰ, ਦੀਸੂ, ਚੰਦਰ, ਨਵਦੀਪ ਅਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਸ਼ਾਮਲ ਹੋਏ। ਆਈਆਂ ਹੋਈਆਂ ਸੰਗਤਾਂ ਲਈ ਠੰਡੇ ਦਾ ਪ੍ਰਬੰਧ ਕੀਤਾ ਗਿਆ।

# ਗੁਰੂ ਰਵਿਦਾਸ ਜੀ ਦੇ ਸਨਮਾਨ ਵਿੱਚ ਬਸਪਾ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਦੀ ਅਗਵਾਈ ਵਿੱਚ ਯਾਤਰਾ ਦਾ ਬੰਗਾ ਵਿੱਚ ਭਰਵਾਂ ਸਵਾਗਤ

## ਮਹਾਪੁਰਸ਼ਾ ਦੇ ਗੁਰੂ ਘਰਾਂ ਦਾ ਅਪਮਾਨ ਕਰਕੇ ਭਾਈਚਾਰਕ ਸਾਂਝ ਤੋੜਨ ਦਾ ਸਰਕਾਰ ਦੀ ਕਾਰਵਾਈਆਂ ਬਸਪਾ ਸਹਿਣ ਨਹੀਂ ਕਰੇਗੀ ਪ੍ਰਵੀਨ ਬੰਗਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਸਤੰਬਰ
INTERNATIONAL PAPER, 94636 01616
hardipchumber57@gmail.com



ਬੰਗਾ ( ਚਰਨਜੀਤ ਸੱਲ੍ਹਾਂ ) ਬਸਪਾ ਪੰਜਾਬ ਵਲੋਂ ਸ੍ਰੀ ਗੁਰੂ ਰਵਿਦਾਸ ਸਨਮਾਨ ਯਾਤਰਾ ਸ੍ਰੀ ਖੁਰਾਲਗੜ ਸਾਹਿਬ ਤੇ ਚਲੀ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਸਾਬਕਾ ਮੈਂਬਰ ਪਾਰਲੀਮੈਂਟ ਦੀ ਅਗਵਾਈ ਵਿੱਚ ਆਈ ਵਿਸਾਲ ਯਾਤਰਾ ਦਾ ਬੰਗਾ ਪਹੁੰਚਣ ਤੇ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਦੀ ਅਗਵਾਈ ਵਿੱਚ ਬਸਪਾ ਲੀਡਰਸ਼ਿਪ ਤੇ ਸੰਗਤਾਂ ਨੇ ਬੰਗਾ ਗੁਣਾਚੌਰ ਤੇ ਮੁਕੰਦਪੁਰ ਵਿੱਚ ਭਰਵਾਂ ਸਵਾਗਤ ਕੀਤਾ ਗਿਆ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਨੇ ਆਖਿਆ ਸਨਮਾਨ ਯਾਤਰਾ ਦਾ ਮਕਸਦ ਧੁਲੇਤਾ ਵਿੱਚ ਗੁਰੂ ਰਵਿਦਾਸ ਮਹਾਰਾਜ ਦੇ ਕਮਿਉਨਿਟੀ ਹਾਲ ਦੀਆਂ ਦੀਵਾਰਾਂ ਨੂੰ ਪੰਜਾਬ ਸਰਕਾਰ ਦੀ ਸ਼ਹਿ ਤੇ ਤੋੜਨ ਤੇ ਅਪਮਾਨ ਕਰਨ ਦੇ ਵਿਰੋਧ ਦੇ ਨਾਲ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਗੁਰੂ ਘਰਾਂ ਦਾ ਜੋ ਅਪਮਾਨ ਕੀਤਾ ਜਾ ਰਿਹਾ ਅਜਿਹੀਆਂ ਕਾਰਵਾਈਆਂ ਦਾ ਬਸਪਾ ਦੇ ਨਾਲ ਨਾਲ ਸੰਤ ਸਮਾਜ ਵੀ ਵਿਰੋਧ ਕਰ ਰਿਹਾ ਹੈ ਧੁਲੇਤਾ ਵਿੱਚ ਗੁਰੂ ਘਰ ਪਹਿਲਾਂ ਵਾਲੀ ਸਥਿਤੀ ਵਿੱਚ ਹਰ ਹਾਲਾਤ ਵਿੱਚ ਬਣੇਗਾ ਗੁਰੂ ਰਵਿਦਾਸ ਮਹਾਰਾਜ ਜੀ ਨੇ 52ਰਾਜਿਆਂ ਨੂੰ ਝੁਕਾਇਆ ਸੀ ਅਜ ਦਾ ਪੰਜਾਬ ਦਾ ਹੁਕਮਰਾਨ ਵੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਵਿੱਚ ਜਦ ਤਕ ਨਹੀਂ ਝੁਕਦਾ ਬਸਪਾ ਦਾ ਸੰਘਰਸ਼ ਜਾਰੀ ਰਹੇਗਾਆਮ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਗੁਰੂ ਘਰਾਂ ਨੂੰ ਮੁਹਲਾ ਕਲੀਨਕ, ਪੰਚਾਇਤ ਘਰ ਬਣਾਉਣ ਦਾ ਇਰਾਦਾ ਛੱਡਣ ਦਾ ਬਸਪਾ ਸਲਾਹ ਦਿੰਦੀ ਹੈ ਬਸਪਾ ਆਉਣ ਵਾਲੀਆਂ ਵਿਧਾਨਸਭਾ ਦੀਆਂ ਚੋਣਾਂ ਵਿੱਚ ਮਹਾਪੁਰਸ਼ਾ ਦੇ ਸੁਪਨਿਆਂ ਦਾ ਰਾਜ ਲਿਆਉਣ ਲਈ ਸੂਬਾ ਤੇ ਕੇਂਦਰੀ ਸਰਕਾਰ ਦਾ ਚੇਹਰਾ ਬੇਨਕਾਬ ਕਰੇਗੀ ਬਸਪਾ ਆਗੂ ਪ੍ਰਵੀਨ ਬੰਗਾ ਨੇ ਯਾਤਰਾ ਦਾ ਸਵਾਗਤ ਕਰਦਿਆਂ ਸੰਗਤ ਦਾ ਤੇ ਸੰਤ ਸਮਾਜ ਦਾ ਧੰਨਵਾਦ ਕਰਦੇ ਹੋਏ ਮਹਾਪੁਰਸ਼ਾ ਦੇ ਅੰਦੋਲਨ ਨੂੰ ਰਾਜ ਕਰਨ ਵਾਲੀ ਵਿਚਾਰਧਾਰਾ ਬਣਾਉਣ ਵਾਲੇ ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਤੇ 9ਅਕਤੂਬਰ ਨੂੰ ਫਿਲੋਰ ਵਿੱਚ ਬਸਪਾ ਪੰਜਾਬ ਵਲੋਂ ਕੀਤੇ ਜਾ ਰਹੇ ਪ੍ਰੋਗਰਾਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਵਿਸਾਲ ਯਾਤਰਾ ਵਿੱਚ ਬਸਪਾ ਪੰਜਾਬ ਦੇ ਇੰਚਾਰਜ ਡਾ ਨਛਤਰ ਪਾਲ ਜੀ ਵਿਧਾਇਕ ਹਲਕਾ ਨਵਾ ਸ਼ਹਿਰ, ਪੰਜਾਬ ਦੇ ਇੰਚਾਰਜ ਠੇਕੇਦਾਰ ਅਜੀਤ ਸਿੰਘ ਪਰਜਾਪਤੀ, ਪੰਜਾਬ ਦੇ ਇੰਚਾਰਜ ਤੀਰਥ ਮਹਿਰਾ ਰਾਜਪੁਰਾ, ਪੰਜਾਬ ਇੰਚਾਰਜ ਗੁਰਨਾਮ ਸਿੰਘ ਬਸਪਾ ਪੰਜਾਬ ਦੇ ਜਨਰਲ ਸਕੱਤਰ ਬਲਵਿੰਦਰ ਬਿਟਾ, ਬਲਵਿੰਦਰ ਕੁਮਾਰ ਲਾਲ ਚੰਦ ਔਜਲਾ ਤੇ ਇਲਾਵਾ ਵਿਸ਼ੇਸ਼ ਤੋਰ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਜੀ ਭਰੋਮਜਾਰਾ, ਪੰਜਾਬ ਦੇ ਜਨਰਲ ਸਕੱਤਰ ਸੰਤ ਨਿਰਮਲ ਸਿੰਘ ਆਬਾਦਾਨ ਸਾਈਂ ਪੱਪਲ ਸਾਹ ਸ਼ਾਹ ਜੀ,ਸੰਤ ਗੋਪਾਲ ਦਾਸ ,ਸੰਤ ਕਪੂਰ ਦਾ ਅਬਾਦਪੁਰਾ ਨੇ ਸ਼ਮੂਲੀਅਤ ਕਰਦਿਆਂ ਧੁਲੇਤਾ ਵਿਚ ਗੁਰੂ ਰਵਿਦਾਸ ਮਹਾਰਾਜ ਜੀ ਦਾ ਕੀਤਾ ਅਪਮਾਨ ਸਹਿਣ ਨਹੀਂ ਕੀਤਾ ਜਾਵੇਗਾ ਇਸ ਮੋਕੇ ਤੇ ਜਿਲਾ ਕੋਆਰਡੀਨੇਟਰ ਮਨੋਹਰ ਕਮਾਮ ਜਿਲਾ ਜਨਰਲ ਸਕੱਤਰ ਹਰਬਲਾਸ ਬਸਰਾ ਹਲਕਾ ਪ੍ਰਧਾਨ ਸਤਪਾਲ ਰਟੈਂਡਾ ਰੂਪ ਲਾਲ ਧੀਰ ਸਾਬਕਾ ਪ੍ਰਧਾਨ ਜੈ ਪਾਲ ਸੁੰਡਾ ਜਿਲਾ ਜੱਥੇਬੰਦਕ ਸਕੱਤਰ ਵਿਜੇ ਗੁਣਾਚੌਰ, ਸੋਮ ਨਾਥ ਰਟੈਂਡਾ ਹਰਜਿੰਦਰ ਜੰਡਾਲੀ ਮੈਂਬਰ ਬਲਾਕ ਸੰਮਤੀ, ਸਰਪੰਚ ਅਸ਼ੋਕ ਕੁਮਾਰ , ਜਸਵੀਰ ਚਾਹਲ ਮਾਸਟਰ ਸਤਪਾਲ ਸਾਹਲੋ,ਚਰਨਜੀਤ ਮੰਢਾਲੀ,ਮਹਿਲਾਂ ਆਗੂ ਰਵਿੰਦਰ ਮਹਿਮੀ ਜਿਲਾ ਸਹਾਇਕ ਇੰਚਾਰਜ ਮਹਿਲਾਂ ਵਿੰਗ ਵਿਜੇ ਮਜਾਰੀ ਸਾਬਕਾ ਸਰਪੰਚ ਪਰਮਜੀਤ ਕੋਰ ਸਾਬਕਾ ਸਰਪੰਚ ਜਸਵਿੰਦਰ ਕੋਰ ਸਾਬਕਾ ਵਾਇਸ ਚੇਅਰਪਰਸਨ ਗੁਰਦੇਵ ਕੋਰ, ਬੰਗਾ ਸ਼ਹਿਰੀ ਪ੍ਰਧਾਨ ਹਰਜਿੰਦਰ ਲੱਦੜ ਮਨਜੀਤ ਸੋਨੂੰ,ਪਰਕਾਸ਼ ਬੈਂਸ, ਜਗਦੀਸ਼ ਦੀਸ਼ਾ,ਦਿਨੇਸ਼ ਪਰਮਜੀਤ ਮਹਿਰਮਪੁਰ ਧਰਮ ਪਾਲ ਤਲਵੰਡੀ, ਪਰਸ਼ੋਤਮ ਸੱਲਣ,ਮਲਕੀਤ ਮੰਢਾਲੀ ਦਵਿੰਦਰ ਬੇਗਮਪੁਰੀ, ਰਮੇਸ਼ ਚਕ ਕਲਾਲ ਮਹਿੰਦਰ ਪਾਲ ਬੈਂਸ ਸਰਪੰਚ ਪਠਲਾਵਾ, ਤੀਰਥ ਕਲਸੀ ਉਮ ਪਰਕਾਸ਼ ਔਜਲਾ, ਸਾਬਕਾ ਸਰਪੰਚ ਅਜੀਤ ਰਾਮ ਗੁਣਾਚੌਰ ਰਾਣਾ ਮੁਕੰਦਪੁਰੀਆ, ਪਰਕਾਸ਼ ਫਰਾਲਾ ਕੇਹਰ ਚੰਦ ਫਰਾਲਾ ਬੰਗਾ ਹਲਕੇ ਦੀ ਲੀਡਰਸ਼ਿਪ ਵਲੋਂ ਬਸਪਾ ਲੀਡਰਸ਼ਿਪ ਤੇ ਸੰਤ ਮਹਾਪੁਰਸ਼ਾ ਦਾ ਸਨਮਾਨ ਕੀਤਾ

# ਨੇਪਾਲ ਦੀ ਰਾਸ਼ਟਰੀ ਏਅਰਲਾਈਨ ਚੀਨ ਦੇ ਗੁਆਂਗਜ਼ੂ ਲਈ ਸਿੱਧੀਆਂ ਉਡਾਣਾਂ ਕਰੇਗੀ ਸ਼ੁਰੂ

## ਪਹਿਲੀ ਵਾਰ ਕਾਠਮੰਡੂ ਅਤੇ ਗੁਆਂਗਜ਼ੂ ਵਿਚਕਾਰ ਉਡਾਣ ਸੇਵਾਵਾਂ ਸ਼ੁਰੂ ਕਰਨ ਲਈ ਸਾਰੀਆਂ ਤਿਆਰੀਆਂ ਪੂਰੀਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਸਤੰਬਰ
INTERNATIONAL PAPER, 94636 01616
hardipchumber57@gmail.com

ਕਾਠਮੰਡੂ: ਨੇਪਾਲ ਦੀ ਰਾਸ਼ਟਰੀ ਏਅਰਲਾਈਨ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਉਹ ਵੀਰਵਾਰ ਤੋਂ ਰਾਜਧਾਨੀ ਕਾਠਮੰਡੂ ਤੋਂ ਚੀਨ ਦੇ ਗੁਆਂਗਜ਼ੂ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰੇਗੀ। ਨੇਪਾਲ ਏਅਰਲਾਈਨਜ਼ ਕਾਰਪੋਰੇਸ਼ਨ (ਐਨਏਸੀ) ਦੇ ਬੁਲਾਰੇ ਮਨੋਜ ਕੁਮਾਰ ਸ਼ਾਹ ਨੇ ਕਿਹਾ ਕਿ ਪਹਿਲੀ ਵਾਰ ਕਾਠਮੰਡੂ ਅਤੇ ਗੁਆਂਗਜ਼ੂ ਵਿਚਕਾਰ ਉਡਾਣ ਸੇਵਾਵਾਂ ਸ਼ੁਰੂ ਕਰਨ ਲਈ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ।

ਅਧਿਕਾਰੀ ਨੇ ਕਿਹਾ ਕਿ ਐਨਏਸੀ ਇਸ ਰੂਟ 'ਤੇ ਹਫ਼ਤੇ ਵਿੱਚ ਤਿੰਨ ਉਡਾਣਾਂ ਚਲਾਏਗਾ। ਪਹਿਲੀ ਉਡਾਣ ਵੀਰਵਾਰ ਨੂੰ ਅਤੇ ਦੂਜੀ 28 ਸਤੰਬਰ ਨੂੰ ਨਿਰਧਾਰਤ ਕੀਤੀ ਗਈ ਹੈ। ਐਨਏਸੀ ਨੇ ਕਿਹਾ ਕਿ ਉਸ ਤੋਂ ਬਾਅਦ ਹਰ ਐਤਵਾਰ, ਮੰਗਲਵਾਰ ਅਤੇ ਸ਼ਨੀਵਾਰ ਨੂੰ ਗੁਆਂਗਜ਼ੂ ਲਈ ਸਿੱਧੀਆਂ ਉਡਾਣਾਂ ਹੋਣਗੀਆਂ।

ਐਨਏਸੀ ਨੇ ਕਾਠਮੰਡੂ ਤੋਂ ਗੁਆਂਗਜ਼ੂ ਲਈ ਇੱਕ-ਪਾਸੜ ਕਿਰਾਇਆ 30,000 ਨੇਪਾਲੀ ਰੁਪਏ ਅਤੇ ਵਾਪਸੀ ਦਾ ਕਿਰਾਇਆ 50,000 ਨੇਪਾਲੀ ਰੁਪਏ ਨਿਰਧਾਰਤ ਕੀਤਾ ਹੈ।ਹਿਮਾਲਿਆ ਏਅਰਲਾਈਨਜ਼ ਵੀ ਨੇਪਾਲ ਤੋਂ ਇਸ ਰੂਟ 'ਤੇ ਨਿਯਮਤ



ਉਡਾਣਾਂ ਚਲਾ ਰਹੀ ਹੈ, ਜਦੋਂ ਕਿ ਚੀਨੀ ਏਅਰਲਾਈਨ ਕੰਪਨੀ ਚਾਈਨਾ ਸਾਊਦਰਨ ਵੀ ਗੁਆਂਗਜ਼ੂ-ਕਾਠਮੰਡੂ ਰੂਟ 'ਤੇ ਨਿਯਮਤ ਉਡਾਣਾਂ ਚਲਾ ਰਹੀ ਹੈ।

# ਸਰਬ ਧਰਮ ਸੰਮੇਲਨ 'ਚ DSGMC ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬੇਮਿਸਾਲ ਸ਼ਹਾਦਤ ਨੂੰ ਯਾਦ ਕੀਤਾ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਸਤੰਬਰ
INTERNATIONAL PAPER, 94636 01616
hardipchumber57@gmail.com



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ. ਐਸ.ਜੀ.ਐਮ.ਸੀ.) ਵੱਲੋਂ ਅੱਜ ਇਥੇ ਨੌਂਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਇੱਕ ਸਰਬ ਧਰਮ ਸੰਮੇਲਨ ਕਰਵਾਇਆ ਗਿਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਮੁਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨੇ ਕਿਹਾ ਕਿ ਨੌਂਵੇਂ ਪਾਤਸ਼ਾਹ ਦੀ ਸ਼ਹਾਦਤ ਬੇਮਿਸਾਲ ਹੈ, ਕਿਉਂਕਿ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਸ਼ਹੀਦੀ ਦਾ ਇਹੋ ਜਿਹਾ ਉਦਾਹਰਣ ਇਤਿਹਾਸ ਵਿੱਚ ਹੋਰ ਕੋਈ ਨਹੀਂ।

ਉਨ੍ਹਾਂ ਕਿਹਾ ਕਿ "ਸਿੱਖੀ ਦਇਆ, ਮਾਫ਼ੀ, ਜੋਸ਼, ਧੀਰਜ, ਨੈਤਿਕਤਾ, ਨਿਮਰਤਾ ਅਤੇ ਸਭ ਧਰਮਾਂ ਦੀ ਸਵੀਕਾਰਤਾ ਸਿਖਾਉਂਦੀ ਹੈ।" ਭਾਵੇਂ ਵੱਖ-ਵੱਖ ਭਾਸ਼ਾਵਾਂ ਹਨ, ਵੱਖ-ਵੱਖ ਇਬਾਦਤਗਾਹਾਂ ਹਨ, ਵੱਖਰੇ ਕੱਪੜੇ ਪਹਿਨਣ ਦੇ ਢੰਗ ਹਨ, ਵੱਖਰੀਆਂ ਸਭਿਆਚਾਰਕ ਪ੍ਰੰਪਰਾਵਾਂ ਹਨ ਪਰ ਮਨੁੱਖਤਾ ਇੱਕੋ ਹੈ ਅਤੇ ਰੱਬ ਵੀ ਇੱਕੋ ਹੈ।

ਅੱਜ ਦੀ-ਵਾਰਤਾ ਦੌਰਾਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ "ਹਿੰਦ ਦੀ ਚਾਦਰ" ਦੇ ਰੂਪ ਵਿੱਚ ਯਾਦ ਕੀਤਾ ਗਿਆ। ਨਾਲ ਹੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਨਾਲ ਆਪਣੀ ਜਾਨਾਂ ਨਿਛਾਵਰ ਕੀਤੀਆਂ, ਉਨ੍ਹਾਂ ਨੂੰ ਵੀ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

ਗਿਆਨੀ ਰਘਬੀਰ ਸਿੰਘ ਜੀ ਨੇ ਸ਼ਹੀਦੀ ਦੇ ਉਸ ਸਮੇਂ ਨੂੰ ਅਜੋਕੀ ਸਥਿਤੀ ਨਾਲ ਜੋੜਦਿਆਂ ਕਿਹਾ, "ਅਸੀਂ ਧਰਮ ਪਰਿਵਰਤਨ ਦੀ ਪ੍ਰੇਰਣਾ ਨਹੀਂ ਦਿੰਦੇ ਅਤੇ ਕਿਸੇ ਦੀ ਧਾਰਮਿਕ ਆਜ਼ਾਦੀ ਖੋਹਣਾ, ਭਾਵੇਂ ਲਾਲਚ ਦੇ ਕੇ ਹੀ ਕਿਉਂ ਨਾ ਹੋਵੇ, ਇੱਕ ਅਪਰਾਧ ਹੈ।"

ਸੰਮੇਲਨ ਵਿੱਚ ਸ਼ੁਰੂਆਤੀ ਸੰਬੋਧਨ ਕਰਦਿਆਂ ਡੀ.ਐਸ. ਜੀ.ਐਮ.ਸੀ. ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਜੀ ਨੇ ਨੌਂਵੇਂ ਗੁਰੂ ਦੀ ਸ਼ਹੀਦੀ ਨੂੰ ਯਾਦ ਕਰਨ ਲਈ ਸਮਰਪਿਤ ਸਮਾਗਮਾਂ ਦੀ

ਬਾਕੀ ਖਬਰ ਸਫਾ 6 ਤੇ

# ਦੋਸ਼ੀਆਂ ਦੀ ਪਛਾਣ ਸੁਖਪ੍ਰੀਤ ਉਰਫ਼ ਮਾਫੀਆ (27) ਅਤੇ ਸ਼ਮਸ਼ਾਦ ਅਲੀ ਉਰਫ਼ ਪਹਿਲਵਾਨ (25) ਵਜੋਂ ਹੋਈ ਹੈ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਸਤੰਬਰ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ: ਦਿੱਲੀ ਪੁਲਿਸ ਨੇ ਐਤਵਾਰ ਨੂੰ ਦਾਅਵਾ ਕੀਤਾ ਕਿ ਸੰਨੀ ਸਾਈਂ ਗੈਂਗ ਦੇ ਦੋ ਮੈਂਬਰਾਂ ਦੀ ਗ੍ਰਿਫ਼ਤਾਰੀ ਨਾਲ ਇੱਕ ਗੈਂਗਵਾਰ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਉਹ ਵਿਰੋਧੀ ਸਮੂਹਾਂ 'ਤੇ ਹਮਲੇ ਦੀ ਸਾਜ਼ਿਸ਼ ਰਚ ਰਹੇ ਸਨ।

ਪੁਲਿਸ ਨੇ ਕਿਹਾ ਕਿ ਦੋਸ਼ੀਆਂ ਦੀ ਪਛਾਣ ਸੁਖਪ੍ਰੀਤ ਉਰਫ਼ ਮਾਫੀਆ (27) ਅਤੇ ਸ਼ਮਸ਼ਾਦ ਅਲੀ ਉਰਫ਼ ਪਹਿਲਵਾਨ (25) ਵਜੋਂ ਹੋਈ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਦੋਵੇਂ ਪਹਿਲਾਂ ਵੀ ਕਈ ਮਾਮਲਿਆਂ ਵਿੱਚ ਸ਼ਾਮਲ ਰਹੇ ਹਨ, ਜਿਨ੍ਹਾਂ ਵਿੱਚ ਕਤਲ, ਕਤਲ ਦੀ ਕੋਸ਼ਿਸ਼ ਅਤੇ ਡਕੈਤੀ ਸ਼ਾਮਲ ਹੈ।

ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ, "ਇੱਕ ਸੂਹ ਦੇ ਆਧਾਰ 'ਤੇ, ਅਪਰਾਧ ਸ਼ਾਖਾ ਨੇ 19 ਅਤੇ 20 ਸਤੰਬਰ ਦੀ ਰਾਤ ਨੂੰ ਰਘੁਬੀਰ ਨਗਰ ਖੇਤਰ ਵਿੱਚ ਸੁਖਪ੍ਰੀਤ ਅਤੇ ਸ਼ਮਸ਼ਾਦ ਨੂੰ ਗ੍ਰਿਫ਼ਤਾਰ ਕੀਤਾ।"

ਉਨ੍ਹਾਂ ਕਿਹਾ ਕਿ ਦੋਵੇਂ ਦੋ ਮਹੀਨੇ ਪਹਿਲਾਂ ਜੇਲ੍ਹ ਤੋਂ ਰਿਹਾਅ ਹੋਏ ਸਨ ਅਤੇ ਕਥਿਤ ਤੌਰ 'ਤੇ ਵਿਰੋਧੀ ਸਮੂਹਾਂ ਵਿਰੁੱਧ ਹਮਲੇ ਦੀ ਸਾਜ਼ਿਸ਼ ਰਚ ਰਹੇ ਸਨ। ਪੁਲਿਸ ਨੇ ਕਿਹਾ ਕਿ ਸ਼ਮਸ਼ਾਦ ਤੋਂ ਇੱਕ ਪਿਸਤੌਲ ਅਤੇ ਦੋ ਕਾਰਤੂਸ ਬਰਾਮਦ ਕੀਤੇ ਗਏ ਹਨ, ਅਤੇ ਸੁਖਪ੍ਰੀਤ ਤੋਂ ਇੱਕ ਪਿਸਤੌਲ ਬਰਾਮਦ ਕੀਤਾ ਗਿਆ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਸਤੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਜਿੰਨਾ ਚਿਰ ਇਸ ਦੇਸ਼ ਵਿੱਚ ਅੰਗਰੇਜ਼ਾਂ ਦੀ ਸਰਕਾਰ ਹੈ, ਸਾਡੇ ਲਈ ਸੱਤਾ ਵਿੱਚ ਆਉਣਾ ਸੰਭਵ ਨਹੀਂ ਹੈ। (ਅੱਗੇ ਦਾ ਭਾਗ)

ਦਲਿਤ ਵਰਗ ਵੱਲੋਂ ਉਨ੍ਹਾਂ ਦੇ ਨਜ਼ਰੀਏ ਤੋਂ ਉਠਾਏ ਗਏ ਕੁਝ ਸਵਾਲ ਅਤੇ ਉਨ੍ਹਾਂ ਦੇ ਸੰਭਾਵੀ ਜਵਾਬ ਹੇਠ ਲਿਖੇ ਅਨੁਸਾਰ ਹਨ। ਇਸੇ ਲਈ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਸਾਡੀ ਖਾਸ ਨਾਜ਼ੁਕ ਸਥਿਤੀ ਵਿਚ ਤਬਦੀਲੀ ਲਿਆਉਣ ਬਾਰੇ ਸੋਚਣ ਵਿਚ ਤੁਹਾਡੀ



ਨੀਅਤ ਚੰਗੀ ਹੋ ਸਕਦੀ ਹੈ, ਪਰ ਅੱਜ ਦੀ ਨੌਕਰਸ਼ਾਹੀ ਭਾਰਤੀ ਸਰਕਾਰ ਪੂਰੀ ਤਰ੍ਹਾਂ ਸ਼ਕਤੀਹੀਣ ਹੈ। ਸਾਨੂੰ ਯਕੀਨ ਹੈ ਕਿ ਸਾਡੇ ਦੁੱਖਾਂ ਨੂੰ ਦੂਰ ਕਰਨ ਦੀ ਤਾਕਤ ਕਿਸੇ ਕੋਲ ਨਹੀਂ ਹੈ। ਕੇਵਲ ਅਸੀਂ ਹੀ ਆਪਣੇ ਦੁੱਖ ਦੂਰ ਕਰ ਸਕਦੇ ਹਾਂ। ਅਤੇ ਜਦੋਂ ਤੱਕ ਰਾਜਨੀਤਿਕ ਸੱਤਾ ਸਾਡੇ ਹੱਥਾਂ ਵਿੱਚ ਨਹੀਂ ਆਉਂਦੀ, ਅਸੀਂ ਆਪਣੇ ਦੁੱਖਾਂ ਨੂੰ ਖਤਮ ਨਹੀਂ ਕਰ ਸਕਦੇ। ਜਿੰਨਾ ਚਿਰ ਇਸ ਦੇਸ਼ ਵਿੱਚ ਅੰਗਰੇਜ਼ਾਂ ਦੀ ਸਰਕਾਰ ਹੈ, ਸਿਆਸੀ ਤਾਕਤ ਦੀ ਇੱਕ ਬੂੰਦ ਵੀ ਸਾਡੇ ਹੱਥ ਵਿੱਚ ਨਹੀਂ ਆ ਸਕਦੀ। ਸਵਰਾਜ ਦੇ ਸੰਵਿਧਾਨ ਰਾਹੀਂ ਹੀ ਸਿਆਸੀ ਸੱਤਾ ਸਾਡੇ ਹੱਥਾਂ ਵਿੱਚ ਆਉਣ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸਾਡੇ ਲੋਕਾਂ ਦੀ ਮੁਕਤੀ ਕਿਸੇ ਹੋਰ ਤਰੀਕੇ ਨਾਲ ਸੰਭਵ ਨਹੀਂ ਜਾਪਦੀ।

ਸਭਾਪਤੀ ਜੀ, ਮੈਂ ਇੱਕ ਹੋਰ ਗੱਲ ਵੱਲ ਤੁਹਾਡਾ ਵਿਸ਼ੇਸ਼ ਧਿਆਨ ਖਿੱਚਣਾ ਚਾਹਾਂਗਾ। ਤੁਹਾਨੂੰ ਦਲਿਤ ਵਰਗ ਦੇ ਦ੍ਰਿਸ਼ਟੀਕੋਣ ਦੀ ਵਿਆਖਿਆ ਕਰਦੇ ਹੋਏ ਮੈਂ ਕਦੇ ਵੀ 'ਆਟੋਨੋਮਸ ਸਟੇਟਸ ਸਟੇਟ' ਵਰਗੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਇਸ ਸ਼ਬਦ ਦੇ ਅਰਥ ਦੀ ਗਹਿਰਾਈ ਵਿੱਚ ਨਾ ਜਾਣ ਦੇ ਕਾਰਨ, ਭਾਰਤ ਨੂੰ ਖੁਦਮੁਖਤਿਆਰ ਰਾਜ ਦਾ ਦਰਜਾ ਮਿਲਣ ਕਾਰਨ ਦਲਿਤਾਂ ਵਿੱਚ ਵਿਰੋਧ ਹੈ। ਇਸੇ ਲਈ ਮੈਂ ਇਹ ਸ਼ਬਦ ਵਰਤਣ ਤੋਂ ਬਚਦਾ ਰਿਹਾ ਹਾਂ, ਅਜਿਹਾ ਨਹੀਂ ਹੈ। ਮੈਂ ਇਹ ਸ਼ਬਦ ਸਿਰਫ਼ ਇਸ ਲਈ ਨਹੀਂ ਵਰਤ ਰਿਹਾ ਕਿਉਂਕਿ ਇਸ ਸ਼ਬਦ ਰਾਹੀਂ ਦਲਿਤ ਵਰਗ ਦੀ ਭੂਮਿਕਾ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੁੰਦੀ। ਦਲਿਤ ਵੀ ਦਲਿਤ ਵਰਗ ਲਈ ਸੁਰੱਖਿਆ ਪ੍ਰਬੰਧਾਂ ਵਾਲਾ ਖੁਦਮੁਖਤਿਆਰ ਰਾਜ ਚਾਹੁੰਦੇ ਹਨ। ਹਾਲਾਂਕਿ ਉਹ ਮੁੱਖ ਤੌਰ 'ਤੇ ਇਕ ਮੁੱਦੇ 'ਤੇ ਜ਼ੋਰ ਦੇਣਾ ਚਾਹੁੰਦੇ ਹਨ। ਉਹ ਜਾਣਨਾ ਚਾਹੁੰਦੇ ਹਨ ਕਿ ਪ੍ਰਭੂਸੱਤਾ ਸੰਪੰਨ ਦਰਜੇ ਵਾਲੀ ਭਾਰਤ ਸਰਕਾਰ ਦਾ ਕੰਮਕਾਜ ਕਿਨ੍ਹਾਂ ਤੱਤਾਂ ਦੇ ਆਧਾਰ 'ਤੇ ਚੱਲਣ ਵਾਲਾ ਹੈ? ਸਿਆਸੀ ਤਾਕਤ ਦਾ ਕੇਂਦਰ ਕਿੱਥੇ ਹੋਵੇਗਾ? ਕਿਸ ਦੇ ਹੱਥ ਵਿੱਚ ਹੋਵੇਗਾ? ਕੀ ਦਲਿਤ ਵੀ ਉਸਦੇ ਵਾਰਸ ਹੋਣਗੇ? ਜਦੋਂ ਤੱਕ ਇਸ ਉਦੇਸ਼ ਦੀ ਪੂਰਤੀ ਲਈ ਜ਼ਰੂਰੀ ਨਵੇਂ ਸੰਵਿਧਾਨ ਦੀ ਰਾਜਨੀਤਿਕ ਪ੍ਰਣਾਲੀ ਹੱਥ ਵਿਚ ਨਹੀਂ ਆਉਂਦੀ, ਦਲਿਤਾਂ ਨੂੰ ਸ਼ੱਕ ਹੈ ਕਿ ਉਨ੍ਹਾਂ ਨੂੰ ਰਾਜਨੀਤਿਕ ਸ਼ਕਤੀ ਦੀ ਘੱਟ ਗਿਣਤੀ ਵੀ ਨਹੀਂ ਮਿਲੇਗੀ। ਇਸ ਪ੍ਰਣਾਲੀ ਦੀ ਸਿਰਜਣਾ ਕਰਦੇ ਸਮੇਂ ਭਾਰਤੀ ਸਮਾਜਿਕ ਜੀਵਨ ਦੀਆਂ ਕੁਝ ਕਠੋਰ ਸੱਚਾਈਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਾਰਤੀ ਸਮਾਜ ਵੱਖ-ਵੱਖ ਜਾਤੀ ਵਰਗਾਂ ਦਾ ਬਣਿਆ ਹੋਇਆ ਹੈ। ਇਸ ਸਮਾਜਿਕ ਢਾਂਚੇ ਵਿੱਚ ਇੱਕ ਅਜਿਹੀ ਵਿਵਸਥਾ ਵਿਕਸਿਤ ਹੋ ਗਈ ਹੈ, ਜਿਸ ਤਹਿਤ ਵਧਦੀ ਸ਼੍ਰੇਣੀ ਦੇ ਆਧਾਰ 'ਤੇ ਜਾਤ-ਪਾਤ ਦੇ ਆਧਾਰ 'ਤੇ ਮਾਨ ਸਨਮਾਨ ਅਤੇ ਘਟਦੀ ਸ਼੍ਰੇਣੀ 'ਤੇ ਅਪਮਾਨ ਦੇ ਆਧਾਰਿਤ ਨਿਰਮਾਣ ਹੋਈ ਹੈ। ਸਮਾਨਤਾ ਅਤੇ ਭਾਈਚਾਰਾ ਜਮਹੂਰੀ ਸ਼ਾਸਨ ਦੇ ਜ਼ਰੂਰੀ ਅੰਗ ਹਨ, ਜਿਨ੍ਹਾਂ ਨੂੰ ਇਹ ਸਮਾਜਿਕ ਢਾਂਚਾ ਵਧਣ-ਫੁੱਲਣ ਦਾ ਮੌਕਾ ਹੀ ਨਹੀਂ ਦਿੰਦਾ। ਦੂਸਰੀ ਮਹੱਤਵਪੂਰਨ ਗੱਲ ਇਹ ਹੈ ਕਿ ਸਾਨੂੰ ਇਹ ਵੀ ਸਵੀਕਾਰ ਕਰਨਾ ਚਾਹੀਦਾ ਹੈ ਕਿ ਭਾਰਤੀ ਸਮਾਜ ਵਿੱਚ ਸੂਝਵਾਨ ਬੁੱਧੀਜੀਵੀਆਂ ਨੂੰ ਬਹੁਤ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ। ਪਰ ਇਹ ਸ਼੍ਰੇਣੀ ਸਿਰਫ਼ ਉੱਚ ਸ਼੍ਰੇਣੀਆਂ ਦੀ ਬਣੀ ਹੋਈ ਹੈ। ਇਹ (ਉਚ) ਵਰਗ ਭਾਵੇਂ ਦੇਸ਼ ਲਈ ਬੋਲ ਰਿਹਾ ਹੋਵੇ ਅਤੇ ਸਿਆਸੀ ਲਹਿਰ ਦੀ ਅਗਵਾਈ ਕਰ ਰਿਹਾ ਹੋਵੇ, ਪਰ ਇਸ ਨੇ ਉਨ੍ਹਾਂ ਜਾਤਾਂ ਬਾਰੇ ਆਪਣਾ ਤੰਗ ਨਜ਼ਰੀਆ ਨਹੀਂ ਛੱਡਿਆ, ਜਿਸ ਵਿੱਚ ਇਸ ਦਾ ਜਨਮ ਹੋਇਆ ਹੈ। ਦੂਜੇ ਸ਼ਬਦਾਂ ਵਿਚ ਸਮਾਜ ਦੀ ਮਾਨਸਿਕਤਾ ਅਤੇ ਰਾਜਨੀਤੀ ਦੀ ਬਣਤਰ ਵਿਚ ਆਪਸੀ ਰਿਸ਼ਤਾ ਹੋਣਾ ਚਾਹੀਦਾ ਹੈ। ਅਤੇ ਦਲਿਤਾਂ ਦੇ ਪੁਰ-ਜੋਰ ਬੇਨਤੀ ਹੈ ਕਿ ਸਿਸਟਮ ਨੂੰ ਸਮਾਜਿਕ ਮਾਨਸਿਕਤਾ ਵੱਲ ਧਿਆਨ ਦੇਣਾ ਚਾਹੀਦਾ ਹੈ। ਨਹੀਂ ਤਾਂ, ਤੁਸੀਂ ਜੋ ਯੋਜਨਾ ਬਣਾਉਂਦੇ ਹੋ, ਉਹ ਸਮਾਜ ਲਈ ਅਯੋਗ ਸਾਬਤ ਹੋਵੇਗੀ ਜਿਸ ਲਈ ਇਹ ਸਿਰਫ ਇਸ ਲਈ ਤਿਆਰ ਕੀਤੀ ਜਾ ਰਹੀ ਹੈ ਉਹ ਅਯੋਗ ਸਾਬਿਤ ਹੋਵੇਗੀ।

ਆਪਣਾ ਭਾਸ਼ਣ ਖਤਮ ਕਰਨ ਤੋਂ ਪਹਿਲਾਂ ਮੈਂ ਇੱਕ ਗੱਲ ਹੋਰ ਵੀ ਕਰਨੀ ਚਾਹਾਂਗਾ। ਸਾਨੂੰ ਵਾਰ-ਵਾਰ ਦੱਸਿਆ ਜਾਂਦਾ ਹੈ ਕਿ ਦਲਿਤ ਵਰਗ ਦਾ ਮਸਲਾ ਅਸਲ ਵਿੱਚ ਇੱਕ ਸਮਾਜਿਕ ਮਸਲਾ ਹੈ ਅਤੇ ਇਸ ਦਾ ਹੱਲ ਸਿਆਸਤ ਨਾਲੋਂ ਵੱਖਰਾ ਹੈ। ਅਸੀਂ ਇਸ ਵਿਚਾਰ ਦਾ ਸਖ਼ਤ ਵਿਰੋਧ ਕਰਦੇ ਹਾਂ। ਇਸ ਸਬੰਧ ਵਿਚ ਸਾਡੀ ਦ੍ਰਿੜ ਰਾਏ ਹੈ ਕਿ ਜਦੋਂ ਤੱਕ ਦਲਿਤ ਵਰਗ ਰਾਜ ਪ੍ਰਬੰਧ ਦੇ ਹੱਥਾਂ ਵਿਚ ਨਹੀਂ ਆਉਂਦਾ, ਉਦੋਂ ਤੱਕ ਉਨ੍ਹਾਂ ਦੇ ਸਵਾਲਾਂ ਦਾ ਹੱਲ ਹੋਣਾ ਕਦੇ ਵੀ ਸੰਭਵ ਨਹੀਂ ਹੈ। ਯਾਨੀ ਜੇਕਰ ਦਲਿਤਾਂ ਦਾ ਸਵਾਲ ਸਿਆਸੀ ਹੈ ਤਾਂ ਉਸ ਨੂੰ ਵੀ ਇਸੇ ਤਰ੍ਹਾਂ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਮੈਂ ਇਸ ਸਮੱਸਿਆ ਨੂੰ ਸਿਆਸੀ ਮੁੱਦੇ ਵਜੋਂ ਪੇਸ਼ ਕਰ ਰਿਹਾ ਹਾਂ। ਇਸ ਨੂੰ ਸਿਰਫ਼ ਸਿਆਸੀ ਸਮੱਸਿਆ ਹੀ ਸਮਝਿਆ ਜਾਣਾ ਚਾਹੀਦਾ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਰਾਜਨੀਤਿਕ ਸੱਤਾ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਤਬਦੀਲ ਹੋ ਰਹੀ ਹੈ ਜਿਨ੍ਹਾਂ ਦੇ ਉੱਤੇ ਸਾਡਾ ਆਰਥਿਕ, ਸਮਾਜਿਕ ਅਤੇ ਧਾਰਮਿਕ ਸ਼ੋਸ਼ਣ ਕਰਨ ਦਾ ਭਿਆਨਕ ਦੋਸ਼ ਹੈ, ਇਸ ਗੱਲ ਦਾ ਸਾਨੂੰ ਅਹਿਸਾਸ ਹੈ। ਅਸਲ ਵਿੱਚ ਸਵਰਾਜ ਸ਼ਬਦ ਨਾਲ ਉਹ ਸਾਰੀਆਂ ਯਾਦਾਂ ਸਾਡੇ ਮਨਾਂ ਵਿੱਚ ਘੁੰਮਦੀਆਂ ਹਨ, ਜਦੋਂ ਅਸੀਂ ਬੇਇਨਸਾਫ਼ੀ, ਜ਼ੁਲਮ ਦਾ ਸ਼ਿਕਾਰ ਹੋਏ, ਸ਼ੋਸ਼ਣ ਦਾ ਸ਼ਿਕਾਰ ਹੋਏ ਅਤੇ ਸਾਡੇ ਮਨ ਵਿੱਚ ਇੱਕ ਡਰ ਪੈਦਾ ਹੁੰਦਾ ਹੈ ਕਿ ਆਉਣ ਵਾਲੇ ਸਵਰਾਜ ਵਿੱਚ ਵੀ ਅਜਿਹਾ ਹੀ ਦੁਹਰਾਇਆ ਜਾਵੇਗਾ। ਇਸ ਦੇ ਬਾਵਜੂਦ ਅਸੀਂ ਮਹਿਸੂਸ ਕਰਦੇ ਹਾਂ ਕਿ ਆਜ਼ਾਦੀ ਮਿਲਣੀ ਚਾਹੀਦੀ ਹੈ। ਅਸੀਂ ਇਸ ਉਮੀਦ ਨਾਲ ਇਸ ਗੰਭੀਰ ਅਤੇ ਅਟੱਲ ਖਤਰੇ ਨੂੰ ਉਠਾਉਣ ਲਈ ਤਿਆਰ ਹਾਂ ਕਿ ਅਸੀਂ ਆਪਣੇ ਦੇਸ਼ ਵਾਸੀਆਂ ਦੇ ਨਾਲ-ਨਾਲ ਰਾਜ ਦੀ ਸੱਤਾ ਵਿੱਚ ਵੀ ਬਰਾਬਰ ਦਾ ਹਿੱਸਾ ਪਾਵਾਂਗੇ। ਇਸ ਦੀ ਬਜਾਇ, ਅਸੀਂ ਅਜਿਹਾ ਜੋਖਮ ਉਠਾਉਣ ਦੀ ਹਿੰਮਤ ਕਰ ਰਹੇ ਹਾਂ। ਉਂਜ, ਅਸੀਂ ਇਸ ਸ਼ਰਤ 'ਤੇ ਹੀ ਮਨਜ਼ੂਰੀ ਦੇ ਸਕਦੇ ਹਾਂ ਕਿ ਸਾਡੀ ਸਮੱਸਿਆ ਨੂੰ ਸਿਰਫ ਸਮੇਂ ਦੀ ਇੱਛਾ 'ਤੇ ਨਾ ਛੱਡਿਆ ਜਾਵੇ, ਬਦਲਦੇ ਸਮੇਂ ਦੇ ਅਨੁਸਾਰ ਕੁਝ ਚਮਤਕਾਰ ਹੋ ਜਾਣਗੇ, ਅਸੀਂ ਇਸ ਭੋਲੀ-ਭਾਲੀ ਉਮੀਦ ਦੇ ਆਸਰੇ ਸਾਲਾਂ ਤੋਂ ਉਡੀਕ ਰਹੇ ਹਾਂ। ਅੱਜ ਮੈਨੂੰ ਇਸ ਗੱਲ ਤੋਂ ਬਹੁਤ ਡਰ ਲੱਗਦਾ ਹੈ। ਪ੍ਰਤੀਨਿਧਿਕ ਸਰਕਾਰ ਨੂੰ ਵਿਸ਼ੇਸ਼ ਅਧਿਕਾਰ ਦੇਣ ਦੀ ਪ੍ਰਕਿਰਿਆ ਦੌਰਾਨ, ਬ੍ਰਿਟਿਸ਼ ਸਰਕਾਰ ਨੇ ਹਰ ਕਦਮ 'ਤੇ ਸਾਨੂੰ ਦਰਕਿਨਾਰ ਕੀਤਾ ਹੈ। ਰਾਜ ਸਰਕਾਰ ਵਿਚ ਸਾਡੀ ਵੀ ਹਿੱਸੇਦਾਰੀ ਹੈ, ਇਹ ਖਿਆਲ ਕਿਸੇ ਦੇ ਮਨ ਵਿਚ ਨਹੀਂ ਆਇਆ। ਅੱਜ ਮੈਂ ਆਪਣੀ ਸਾਰੀ ਤਾਕਤ ਇਕੱਠੀ ਕਰਕੇ ਜ਼ੋਰ ਦੇ ਰਿਹਾ ਹਾਂ ਕਿ ਇਸ ਤੋਂ ਬਾਅਦ ਕੋਈ ਵੀ ਸਾਡੀ ਸਹਿਣਸ਼ੀਲਤਾ ਦੀ ਪਰਖ ਨਾ ਕਰੀ ਜਾਵੇ। ਸਾਡੀਆਂ ਸਮੱਸਿਆਵਾਂ ਦਾ ਹੱਲ ਸਾਰੇ ਸਿਆਸੀ ਸਵਾਲਾਂ ਦੇ ਨਾਲ ਹੀ ਹੋਣਾ ਚਾਹੀਦਾ ਹੈ। ਸਾਨੂੰ ਕਿਸੇ ਵੀ ਹਾਲਤ ਵਿੱਚ ਭਵਿੱਖ ਦੇ ਅਸਥਿਰ ਸ਼ਾਸਕਾਂ ਦੇ ਰਹਿਮ, ਹਮਦਰਦੀ ਅਤੇ ਰਹਿਮ 'ਤੇ ਨਹੀਂ ਛੱਡਣਾ ਚਾਹੀਦਾ। ਦਲਿਤ ਵਰਗ ਇਸ 'ਤੇ ਇੰਨਾ ਜ਼ੋਰ ਕਿਉਂ ਦੇ ਰਿਹਾ ਹੈ, ਇਸ ਦਾ ਕਾਰਨ ਸਪੱਸ਼ਟ ਹੈ। ਸਾਡੀ ਬੇਨਤੀ ਦੇ ਪਿੱਛੇ ਕਾਰਨਾਂ ਦਾ ਵਿਸ਼ਲੇਸ਼ਣ ਵੀ ਸਪਸ਼ਟ ਹੈ। ਇੱਕ ਅਮਲੀ ਸੱਚ ਜੋ ਹਰ ਕੋਈ ਜਾਣਦਾ ਹੈ ਕਿ ਮਲਕੀਅਤ ਵਾਲਾ ਵਿਅਕਤੀ ਹਮੇਸ਼ਾਂ ਮਾਲਕੀ ਤੋਂ ਬਿਨਾਂ ਵਿਅਕਤੀ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੁੰਦਾ ਹੈ। ਇਸ ਤੋਂ ਇਲਾਵਾ ਇਹ ਵੀ ਕਿਧਰੇ ਵੀ ਨਹੀਂ ਦੇਖਿਆ ਗਿਆ ਕਿ ਕੋਈ ਮਾਲਕੀ ਵਾਲਾ ਵਿਅਕਤੀ ਮਾਲਕੀ ਤੋਂ ਬਿਨਾਂ ਵਿਅਕਤੀ ਦੀ ਖ਼ਾਤਰ ਆਪਣੀ ਮਲਕੀਅਤ ਤਿਆਗ ਦੇਵੇ। ਇਸ ਲਈ ਅਸੀਂ ਇਹ ਉਮੀਦ ਨਹੀਂ ਕਰ ਸਕਦੇ ਕਿ ਭਵਿੱਖ ਵਿੱਚ ਸਾਡੇ ਹਿੱਤਾਂ ਦੀ ਪ੍ਰਾਪਤੀ ਕਰਕੇ ਸਾਡੀਆਂ ਸਮਾਜਿਕ ਸਮੱਸਿਆਵਾਂ ਹੱਲ ਹੋ ਜਾਣਗੀਆਂ। ਅੱਜ ਜੇਕਰ ਅਸੀਂ ਇਸ ਸਵਾਲ ਨੂੰ ਸਰਬਸੰਮਤੀ ਨਾਲ ਹੱਲ ਕੀਤੇ ਬਿਨਾਂ ਆਸਾਨੀ ਨਾਲ ਸੱਤਾ ਉਨ੍ਹਾਂ ਦੇ ਹੱਥਾਂ 'ਚੋਂ ਖਿਸਕਣ ਦਿੰਦੇ ਹਾਂ ਤਾਂ ਅੱਜ ਅਸੀਂ ਜਿਨ੍ਹਾਂ ਨੂੰ ਸੱਤਾ 'ਚ ਲਿਆਉਣ 'ਚ ਮਦਦ ਕਰਾਂਗੇ ਕੱਲ੍ਹ ਨੂੰ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਸਾਨੂੰ ਇੱਕ ਵਾਰ ਫਿਰ ਬਗਾਵਤ ਕਰਕੇ ਇਨਕਲਾਬ ਲਿਆਉਣਾ ਪਵੇਗਾ। ਜੇਕਰ ਕੋਈ ਸਾਡੇ ਇਸ ਵਾਧੂ ਸ਼ੰਕੇ ਲਈ ਸਾਡੇ 'ਤੇ ਦੋਸ਼ ਲਗਾਉਣਾ ਚਾਹੁੰਦਾ ਹੈ, ਤਾਂ ਬੇਸ਼ੱਕ ਸਾਡੇ 'ਤੇ ਦੋਸ਼ ਲਗਾਓ ਕਿਉਂਕਿ ਦ੍ਰਿੜ ਵਿਸ਼ਵਾਸ ਕਰਕੇ ਹਾਮੀ ਭਰਨ ਦੇ ਨਾਲੋਂ ਆਪਣੀ ਆਲੋਚਨਾ ਕਰਵਾਈ ਜਾਣੀ ਬਿਹਤਰ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਸਾਡੇ ਮਸਲਿਆਂ ਨੂੰ ਹੱਲ ਕਰਨ ਲਈ, ਸਾਨੂੰ ਆਪਣੇ ਅਧਿਕਾਰ ਅਤੇ ਸੱਤਾ ਵਿੱਚ ਭਾਗੀਦਾਰੀ ਵੀ ਹੋਣੀ ਚਾਹੀਦੀ ਹੈ, ਇਹੀ ਇੱਕ ਨਿਆਂ ਅਤੇ ਸਹੀ ਰਸਤਾ ਹੈ, ਨੈਮੂੰ ਅਸ ਤਰਾਂ ਲਗਦਾ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਸਰਕਾਰੀ ਪ੍ਰਣਾਲੀ ਵਿਚ ਅਜਿਹਾ ਪ੍ਰਬੰਧ ਕਰਨਾ ਸਭ ਤੋਂ ਵਧੀਆ ਤਰੀਕਾ ਹੈ। ਇਸ ਮੁੱਦੇ ਨੂੰ ਸਿਰਫ਼ ਉਨ੍ਹਾਂ ਲੋਕਾਂ ਦੀ ਮਰਜ਼ੀ 'ਤੇ ਛੱਡਣ ਨਾਲ ਕੋਈ ਹੱਲ ਨਹੀਂ ਹੋਵੇਗਾ, ਜੋ ਇਸ ਸੱਤਾ ਨੂੰ ਜੀ-ਤੋੜ ਮਿਹਨਤ ਕਰਕੇ ਢੰਗ ਨਾਲ ਆਪਣੇ ਹੱਥਾਂ 'ਚ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਮੈਂ ਸਹੀ ਸਮੇਂ 'ਤੇ ਇਸ ਕੌਂਸਲ ਦੇ ਸਾਹਮਣੇ ਰੱਖਣ ਜਾ ਰਿਹਾ ਹਾਂ ਕਿ ਰਾਜ ਪ੍ਰਬੰਧ ਵਿੱਚ ਦਲਿਤ ਵਰਗ ਦੀ ਸੁਰੱਖਿਆ, ਭਲਾਈ ਅਤੇ ਸੁਰੱਖਿਅਤਾ ਲਈ ਉਹ ਕਿਸ ਤਰ੍ਹਾਂ ਦੇ ਸਮਝੌਤਾ ਅਤੇ ਸੁਲ੍ਹਾ ਦੀ ਆਸ ਰੱਖਦੇ ਹਨ। ਸਾਨੂੰ ਇੱਕ ਜ਼ਿੰਮੇਵਾਰ ਸਰਕਾਰ ਦੀ ਲੋੜ ਹੈ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਨਵੀਂ ਪ੍ਰਣਾਲੀ ਵਿੱਚ ਸਿਰਫ਼ ਸਾਡੇ ਮਾਲਕ ਹੀ ਬਦਲ ਜਾਣ, ਸਾਡਾ ਹੱਥ ਇੱਕ ਦੇ ਚੁੰਗਲ ਤੋਂ ਦੂਜੇ ਦੇ ਚੁੰਗਲ ਵਿੱਚ ਨਾ ਹੋਵੇ, ਮੈਂ ਅੱਜ ਇਸ ਮੌਕੇ 'ਤੇ ਇਹੀ ਕਹਿਣਾ ਚਾਹੁੰਦਾ ਹਾਂ। ਜੇਕਰ ਤੁਸੀਂ ਚਾਹੁੰਦੇ ਹੋ ਕਿ ਹਾਕਮ ਜਮਾਤ ਜਵਾਬਦੇਹ ਹੋਵੇ, ਤਾਂ ਇਹ ਜ਼ਰੂਰੀ ਹੈ ਕਿ ਵਿਧਾਨ ਸਭਾ ਪੂਰੀ ਤਰ੍ਹਾਂ ਅਤੇ ਸੱਚਮੁੱਚ ਦੀ ਪ੍ਰਤੀਨਿਧਕ ਹੋਵੇ। ਇਸ ਮੌਕੇ ਮੈਂ ਇਹੀ ਕਹਿਣਾ ਚਾਹੁੰਦਾ ਹਾਂ।

ਸਭਾ-ਪਤੀ ਜੀ, ਮੈਨੂੰ ਅਫਸੋਸ ਹੈ ਕਿ ਮੈਨੂੰ ਇੰਨੀ ਬੇਬਾਕੀ ਨਾਲ ਬੋਲਣਾ ਪਿਆ। ਪਰ ਇਸ ਤੋਂ ਇਲਾਵਾ ਮੈਨੂੰ ਕੋਈ ਹੋਰ ਬਦਲ ਨਜ਼ਰ ਨਹੀਂ ਆਉਂਦਾ। ਦਲਿਤਾਂ ਦਾ ਕੋਈ ਦੋਸਤ ਨਹੀਂ ਹੈ। ਆਪਣੀ ਹੋਂਦ ਨੂੰ ਬਚਾਉਣ ਲਈ ਅੱਜ ਦੀ ਸਰਕਾਰ ਨੇ ਆਪਣਾ ਕੰਮ ਕਰਵਾਉਣ ਲਈ ਕਈ ਬਹਾਨੇ ਬਣਾਏ ਹਨ, ਭਾਵੇਂ ਹਿੰਦੂਆਂ ਨੇ ਇਨ੍ਹਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਅਪਣਾਇਆ ਹੈ, ਪਰ ਆਖਰਕਾਰ ਉਨ੍ਹਾਂ ਨੇ ਉਨ੍ਹਾਂ ਨੂੰ ਦੂਰ ਹੀ ਰੱਖਿਆ ਹੈ ਅਤੇ ਇਸ ਨੂੰ ਅਗਰ ਸਾਫ ਚੌਰ ਤੇ ਕਹਿਣਾ ਹੈ ਤਾਂ ਹਿੰਦੂ ਉਨ੍ਹਾਂ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵਾਂਝਾ ਕਰਨਾ ਚਾਹੁੰਦੇ ਹਨ। ਤਾਂ ਜੋ ਕੋਈ ਵੀ ਉਨ੍ਹਾਂ ਦੇ ਵਿਸ਼ੇਸ਼ ਅਧਿਕਾਰਾਂ ਵਿੱਚ ਹਿੱਸਾ ਨਾ ਲੈ ਸਕੇ ਮੁਸਲਮਾਨ ਵੀ ਉਹਨਾਂ ਦੀ ਵੱਖਰੀ ਹੋਂਦ ਨੂੰ ਅਸਵਿਕਾਰ ਕਰਦੇ ਹਨ । ਭਾਵ, ਇਹ ਦਲਿਤ ਵਰਗ ਸਰਕਾਰ ਦੁਆਰਾ ਕਮਜ਼ੋਰ ਕੀਤਾ ਗਿਆ, ਹਿੰਦੂਆਂ ਦੁਆਰਾ ਜ਼ੁਲਮ ਦਾ ਸ਼ਿਕਾਰ ਬਣਾਇਆ ਅਤੇ ਮੁਸਲਮਾਨਾਂ ਦੁਆਰਾ ਅਪਮਾਨਿਤ ਕੀਤੀ ਗਈ ਜਮਾਤ ਹੈ। ਮੈਨੂੰ ਯਕੀਨ ਹੈ ਕਿ ਦੁਨੀਆਂ ਵਿੱਚ ਅਜਿਹੀ ਕੋਈ ਜਮਾਤ ਹੋਰ ਕਿਤੇ ਨਹੀਂ ਹੋਵੇਗੀ, ਜਿਸ ਦੀ ਹਾਲਤ ਇੰਨੀ ਬੇਵੱਸ ਅਤੇ ਅਸਹਿ ਹੋ ਗਈ ਹੋਵੇ। ਅਤੇ ਇਸ ਲਈ ਮੈਂ ਤੁਹਾਡਾ ਧਿਆਨ ਇਸ ਵੱਲ ਖਿੱਚਣਾ ਚਾਹੁੰਦਾ ਹੈ।

ਅਗਲਾ ਸਵਾਲ ਜੇ ਵਿਚਾਰਿਆ ਜਾਣ ਹੈ ਇਸ ਦੇ ਸਬੰਧ ਵਿੱਚ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਭਾ ਨੇ ਇਸ ਵਿਸ਼ੇ ਨੂੰ ਸਭਾ ਦੇ ਆਮ ਵਿਸ਼ਿਆਂ ਵਿੱਚ ਬੇਲੋੜਾ ਜੋੜ ਦਿੱਤਾ ਗਿਆ ਹੈ। ਇਹ ਸਵਾਲ ਇਸ ਲਈ ਅਹਿਮ ਹੈ ਕਿ ਘੱਟ ਗਿਣਤੀਆਂ ਨਾਲ ਜੁੜੀਆਂ ਇਨ੍ਹਾਂ ਸਮੱਸਿਆਵਾਂ ਨੂੰ ਵੱਖਰੇ ਸੈਸ਼ਨ ਵਿੱਚ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਸਵਾਲ ਦਾ ਸਿਰਫ਼ ਸੰਖੇਪ ਜ਼ਿਕਰ ਕਰ ਕੇ ਹੱਲ ਕਰਨਾ ਸੰਭਵ ਨਹੀਂ ਹੈ। ਇਹ ਸਵਾਲ ਅਹਿਮ ਹੈ ਕਿਉਂਕਿ ਦਲਿਤਾਂ ਦੇ ਨਜ਼ਰੀਏ ਤੋਂ ਵੀ ਇਹ ਅਹਿਮ ਹੈ। ਘੱਟ ਗਿਣਤੀਆਂ ਦੇ ਨੁਮਾਇੰਦੇ ਹੋਣ ਦੇ ਨਾਤੇ ਅਸੀਂ ਕੇਂਦਰ ਸਰਕਾਰ ਤੋਂ ਇਹੀ ਉਮੀਦ ਕਰਦੇ ਹਾਂ ਕਿ ਸਰਕਾਰ ਘੱਟ-ਗਿਣਤੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਕਦਮ ਚੁੱਕੇ ਅਤੇ ਸੂਬੇ ਵਿੱਚ ਬਹੁਗਿਣਤੀ ਵੱਲੋਂ ਫੈਲਾਈ ਜਾ ਰਹੀ ਅਰਾਜਕਤਾ ਨੂੰ ਕਾਬੂ ਕੀਤਾ ਜਾਵੇ। ਇੱਕ ਭਾਰਤੀ ਹੋਣ ਦੇ ਨਾਤੇ, ਮੈਂ ਯਕੀਨੀ ਤੌਰ 'ਤੇ ਭਾਰਤੀ ਰਾਸ਼ਟਰਵਾਦ ਵਿੱਚ ਵਿਸ਼ਵਾਸ ਰੱਖਦਾ ਹਾਂ ਅਤੇ ਚਾਹੁੰਦਾ ਹਾਂ ਕਿ ਇਸਨੂੰ ਅੱਗੇ ਵਧਾਇਆ ਜਾਵੇ ਅਤੇ ਇਸ ਲਈ ਮੈਂ ਪ੍ਰਸ਼ਾਸਨ ਦੀ ਕੇਂਦਰੀ ਪ੍ਰਣਾਲੀ ਵਿੱਚ ਵਿਸ਼ਵਾਸ ਕਰਦਾ ਹਾਂ। ਇੱਥੋਂ ਤੱਕ ਕਿ ਇਸ ਸਿਸਟਮ ਨੂੰ ਤੋੜਨ ਜਾਂ ਇਸ ਵਿੱਚ ਤਰੇੜਾਂ ਪੈਦਾ ਕਰਨ ਦਾ ਵਿਚਾਰ ਵੀ ਮੈਨੂੰ ਬੇਚੈਨ ਕਰਦਾ ਹੈ। ਇੱਕ ਕੇਂਦਰੀਕ੍ਰਿਤ ਸ਼ਾਸਨ ਪ੍ਰਣਾਲੀ ਵਿੱਚ ਭਾਰਤੀ ਰਾਸ਼ਟਰ ਦੇ ਅਕਸ ਨੂੰ ਬਣਾਉਣ ਵਿੱਚ ਅਥਾਹ ਸਮਰੱਥਾ ਹੈ। ਕੇਂਦਰੀ ਸ਼ਾਸਨ ਪ੍ਰਣਾਲੀ ਦੇ ਕਾਰਨ ਹੀ ਭਾਰਤ ਵਿੱਚ ਇੱਕ ਰਾਸ਼ਟਰ ਦੀ ਭਾਵਨਾ ਵਧੀ ਹੈ। ਪਰ ਉਹ ਅਜੇ ਪੂਰੀ ਪਰਿਪੱਕਤਾ 'ਤੇ ਨਹੀਂ ਪਹੁੰਚੀ ਹੈ। ਇਸ ਲਈ, ਰਾਸ਼ਟਰ ਨਿਰਮਾਣ ਦੀ ਅੱਜ ਦੀ ਮੁੱਢਲੀ ਸਥਿਤੀ ਵਿੱਚ, ਮੈਨੂੰ ਇਸ ਇੱਕ ਕੇਂਦਰੀ ਸ਼ਾਸਨ ਪ੍ਰਣਾਲੀ ਨੂੰ ਹਟਾਉਣਾ ਅਸਵੀਕਾਰਨਯੋਗ ਲੱਗਦਾ ਹੈ। ਕਿਉਂਕਿ, ਭਾਰਤ ਅਜੇ ਵੀ ਪੂਰੀ ਤਰ੍ਹਾਂ ਸੰਘੀ ਰਾਸ਼ਟਰ ਨਹੀਂ ਬਣਿਆ ਹੈ।

ਹਾਲਾਂਕਿ, ਜੇ ਅਸੀਂ ਇਸ ਪ੍ਰਸ਼ਨ ਨੂੰ ਉਠਾਏ ਜਾਣ ਦੇ ਤਰੀਕੇ ਨੂੰ ਧਿਆਨ ਨਾਲ ਵੇਖੀਏ, ਤਾਂ ਇਹ ਸਿਰਫ਼ ਕਿਤਾਬੀ ਸਵਾਲ ਜਾਪਦਾ ਹੈ। ਇਸ ਲਈ ਜੇਕਰ ਸੂਬਾਈ ਸਰਕਾਰਾਂ ਕੇਂਦਰ ਸਰਕਾਰ ਨਾਲ ਅਸੰਗਤ ਕਾਰਵਾਈ ਨਹੀਂ ਕਰਨ ਜਾ ਰਹੀਆਂ ਤਾਂ ਇਸ ਲਈ ਮੈਂ ਸੰਘੀ ਸ਼ਾਸਨ ਪ੍ਰਣਾਲੀ ਬਾਰੇ ਵੀ ਸੋਚਣ ਲਈ ਤਿਆਰ ਹਾਂ।

ਸਪੀਕਰ ਸਾਹਿਬ, ਦਲਿਤਾਂ ਦੇ ਨੁਮਾਇੰਦੇ ਵਜੋਂ, ਮੈਂ ਉਨ੍ਹਾਂ ਦੀ ਤਰਫ਼ੋਂ ਜੋ ਵੀ ਕਹਿਣਾ ਚਾਹੁੰਦਾ ਸੀ, ਉਹ ਤੁਹਾਡੇ ਸਾਹਮਣੇ ਰੱਖਿਆ ਹੈ। ਜੇਕਰ ਮੈਨੂੰ ਅੱਜ ਭਾਰਤੀਆਂ ਦੇ ਤੌਰ 'ਤੇ ਜਿਨ੍ਹਾਂ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਬਾਰੇ ਕੁਝ ਸ਼ਬਦ ਕਹਿਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਮੈਂ ਕੁਝ ਕਹਿਣਾ ਚਾਹਾਂਗਾ। ਕੌਮੀ ਲਹਿਰ ਦਾ ਮੂਕ ਦਰਸ਼ਕ ਨਾ ਹੋਣ ਦੇ ਬਾਵਜੂਦ ਇਸ ਵਿਸ਼ੇ 'ਤੇ ਹੁਣ ਤੱਕ ਜੋ ਗੰਭੀਰ ਵਿਚਾਰ ਰੱਖੇ ਗਏ ਹਨ ਮੈਂ ਉਨ੍ਹਾਂ ਬਾਰੇ ਵੱਖਰੇ ਤੌਰ 'ਤੇ ਟਿੱਪਣੀ ਨਹੀਂ ਕਰਨਾ ਚਾਹੁੰਦਾ। ਮੈਂ ਇਸ ਬਾਰੇ ਚਿੰਤਤ ਹਾਂ ਕਿ ਕੀ ਅਸੀਂ ਆਪਣੀ ਸਮੱਸਿਆ ਦਾ ਹੱਲ ਲੱਭਣ ਦੇ ਮਾਮਲੇ ਵਿੱਚ ਸਹੀ ਰਸਤੇ 'ਤੇ ਹਾਂ ਜਾਂ ਨਹੀਂ। ਇਹ ਫੈਸਲਾ ਕਰਨਾ ਬ੍ਰਿਟਿਸ਼ ਪ੍ਰਤੀਨਿਧਾਂ ਦੇ ਨਜ਼ਰੀਏ 'ਤੇ ਨਿਰਭਰ ਕਰਦਾ ਹੈ ਕਿ ਇਨ੍ਹਾਂ ਉਪਾਵਾਂ ਦਾ ਰੂਪ ਕੀ ਹੋਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਸਿਰਫ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ 'ਤੇ ਨਿਰਭਰ ਕਰਦਾ ਹੈ ਕਿ ਕੀ ਇਨ੍ਹਾਂ ਸਥਿਤੀਆਂ ਵਿੱਚੋਂ ਨਿਕਲਣ ਲਈ ਸੁਲ੍ਹਾ-ਸਫ਼ਾਈ ਦਾ ਰਾਹ ਅਪਣਾਉਣਾ ਹੈ ਜਾਂ ਦਮਨ ਦਾ। ਕਿਉਂਕਿ ਫੈਸਲਾ ਭਾਵੇਂ ਕੋਈ ਵੀ ਹੋਵੇ, ਅੰਤਮ ਜ਼ਿੰਮੇਵਾਰੀ ਉਨ੍ਹਾਂ ਦੀ ਹੀ ਹੋਵੇਗੀ। ਤੁਹਾਡੇ ਵਿੱਚੋਂ ਜਿਹੜੇ ਲੋਕ ਤਾਕਤ ਦੀ ਵਰਤੋਂ ਵਿੱਚ ਵਿਸ਼ਵਾਸ ਰੱਖਦੇ ਹਨ, ਮੈਂ ਤੁਹਾਨੂੰ ਰਾਜਨੀਤਿਕ ਦਰਸ਼ਨ ਦੇ ਇੱਕ ਮਹਾਨ ਅਧਿਆਪਕ, ਐਡਮੰਡ ਬਰਕ ਦੁਆਰਾ ਇੱਕ ਯਾਦਗਾਰ ਵਾਕ ਯਾਦ ਕਰਾਉਣਾ ਚਾਹਾਂਗਾ। ਅਮਰੀਕਨ ਬਸਤੀ ਦੀਆਂ ਸਮੱਸਿਆਵਾਂ ਬਾਰੇ ਸੋਚਦਿਆਂ ਉਨ੍ਹਾਂ ਨੇ ਬ੍ਰਿਟਿਸ਼ ਕੌਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ

"ਬਲ ਦਾ ਪ੍ਰਯੋਗ (ਉਪਯੋਗ) ਸਿਰਫ ਕੁਝ ਪਲ ਲਈ ਹੁੰਦਾ ਹੈ। ਕੁਝ ਸਮੇਂ ਲਈ ਇਸ ਦੇ ਸਹਾਰੇ ਸੱਤਾ ਨੂੰ ਚਲਾਇਆ ਜਾ ਸਕਦਾ ਹੈ ਪਰ ਹਮੇਸ਼ਾ ਲਈ ਉਹਨਾ ਅਧੀਨ ਰਖਣ ਦੇ ਲਈ ਤਾਕਤ ਦੀ ਵਰਤੋਂ ਨੂੰ ਵਧਾਉਣ ਦੀ ਜਰੂਰਤ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਜਿਸ ਰਾਸ਼ਟਰ ਨੂੰ ਹਮੇਸ਼ਾ ਆਪਣੇ ਸ਼ਾਸਨ ਵਿੱਚ ਰਖਣਾ ਹੋਵੇ ਉਸ ਦੇ ਉੱਤੇ ਇਸ ਤਰਾਂ ਨਾਲ ਸ਼ਾਸਨ ਨਹੀਂ ਕੀਤਾ ਜਾ ਸਕਦਾ।"

ਮੇਰਾ ਦੂਜਾ ਇਤਰਾਜ਼ ਬਲ ਦੀ ਪ੍ਰਭਾਵਸ਼ੀਲਤਾ ਦੀ ਅਨਿਸ਼ਚਿਤਤਾ ਬਾਰੇ ਹੈ। ਤਾਕਤ ਦੀ ਵਰਤੋਂ ਨਾਲ ਹਮੇਸ਼ਾ ਦਹਿਸ਼ਤ ਪੈਦਾ ਹੁੰਦੀ ਹੈ, ਅਜਿਹਾ ਨਹੀਂ ਹੈ ਅਤੇ ਚੰਗੀ ਤਰ੍ਹਾਂ ਲੈਸ ਫੌਜ ਦਾ ਮਤਲਬ ਜਿੱਤ ਨਹੀਂ ਹੈ। ਜੇਕਰ ਸਫਲਤਾ ਨਹੀਂ ਮਿਲਦੀ ਤਾਂ ਹੋਰ ਕੋਈ ਰਸਤਾ ਨਹੀਂ ਬਚਦਾ। ਜੇਕਰ ਗੱਲਬਾਤ ਰਾਹੀਂ ਕੋਈ ਹੱਲ ਨਾ ਨਿਕਲਿਆ ਤਾਂ ਤਾਕਤ ਦੀ ਵਰਤੋਂ ਕਰਨੀ ਪਵੇਗੀ। ਇਹ ਜ਼ਰੂਰੀ ਨਹੀਂ ਕਿ ਹਰ ਵਾਰ ਤਾਕਤ ਦੀ ਵਰਤੋਂ ਨਾਲ ਦਹਿਸ਼ਤ ਪੈਦਾ ਹੀ ਹੋਵੇ। ਪਰ ਜੇਕਰ ਤਾਕਤ ਦੀ ਵਰਤੋਂ ਵੀ ਅਸਫਲ ਹੋ ਜਾਂਦੀ ਹੈ, ਤਾਂ ਗੱਲਬਾਤ ਦੀ ਕੋਈ ਉਮੀਦ ਨਹੀਂ ਬਚੀ ਹੈ। ਕਈ ਵਾਰ ਦਿਆਲਤਾ ਦੇ ਬਦਲੇ ਸ਼ਕਤੀ ਅਤੇ ਅਧਿਕਾਰ ਪ੍ਰਾਪਤ ਕੀਤਾ ਜਾ ਸਕਦਾ ਹੈ, ਪਰ ਸ਼ਕਤੀਪਤ ਅਤੇ ਹਾਰੀ ਹੋਈ ਹਿੰਸਾ ਨੂੰ ਸ਼ਕਤੀ ਅਤੇ ਅਧਿਕਾਰ ਦੀ ਮੰਗ ਕਰਨ ਵਾਲੇ ਦਾਨ ਵਜੋਂ ਨਹੀਂ ਵਰਤਿਆ ਜਾ ਸਕਦਾ ...

# ਐਸ. ਡੀ. ਐਮ. ਵੱਲੋਂ ਮੰਡੀਆਂ ਦਾ ਦੌਰਾ, ਖਰੀਦ ਕਾਰਜਾਂ ਦਾ ਲਿਆ ਜਾਇਜ਼ਾ

## ਮੰਡੀਆਂ 'ਚ ਕਿਸਾਨਾਂ, ਮਜ਼ਦੂਰਾਂ ਲਈ ਕੀਤੇ ਗਏ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ



ਬਲਾਚੌਰ (ਸਤਨਾਮ ਸਿੰਘ ਸਹੂੰਗੜਾ) ਸਬ ਡਵੀਜਨ ਵਿੱਚ ਝੋਨੇ ਦੀ ਖ਼ਰੀਦ ਦੇ ਮੱਦੇਨਜ਼ਰ ਐਸ. ਡੀ. ਐਮ. ਕ੍ਰਿਤਿਕਾ ਗੋਇਲ ਨੇ ਅੱਜ ਕਰਾਵਰ, ਸਾਹਿਬਾ ਅਤੇ ਸੜੋਆ ਮੰਡੀਆਂ ਦਾ ਦੌਰਾ ਕਰਕੇ ਝੋਨੇ ਦੀ ਖਰੀਦ ਸਬੰਧੀ ਕਿਹਾ ਕਿ ਝੋਨੇ ਦੀ ਖ਼ਰੀਦ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੀ ਜਾਵੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਨਿਰਧਾਰਤ ਨਮੀ ਵਾਲਾ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਦੀ ਅਪੀਲ ਕੀਤੀ ਹੈ ਤਾਂ ਕਿ ਫਸਲ ਦੀ ਤੁਰੰਤ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਬ ਡਵੀਜ਼ਨ ਵਿਚਲੇ ਸਾਰੇ ਖਰੀਦ ਕੇਂਦਰਾਂ ਵਿੱਚ ਢੁਕਵੀਂ ਮਾਤਰਾ ਵਿੱਚ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਬਾਰਦਾਨਾ ਵੀ ਲੋੜੀਂਦੀ ਗਿਣਤੀ ਵਿਚ ਉਪਲਬਧੀਆਂ ਹੈ।

# ਆਈ.ਟੀ.ਆਈ. ਨਵਾਂਸ਼ਹਿਰ ਵਿਖੇ ਕਈ ਟ੍ਰੇਡਾਂ 'ਚ 30 ਸਤੰਬਰ ਤੱਕ ਦਾਖ਼ਲਾ ਜਾਰੀ



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਸਰਕਾਰੀ ਆਈ.ਟੀ. ਆਈ. ਨਵਾਂਸ਼ਹਿਰ ਵਿਖੇ ਬਹੁਤ ਸਾਰੀਆਂ ਟ੍ਰੇਡਾਂ ਵਿੱਚ 30 ਸਤੰਬਰ ਤੱਕ ਦਾਖ਼ਲਾ ਜਾਰੀ ਹੈ ਜਿਨ੍ਹਾਂ ਵਿਚ ਇਛੁੱਕ ਨੌਜਵਾਨ ਦਾਖਲਾ ਲੈ ਸਕਦੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਆਈ.ਟੀ.ਆਈ. ਦੇ ਪ੍ਰਿੰਸੀਪਲ ਓਮਕਾਰ ਸਿੰਘ ਸ਼ੀਂਹਮਾਰ ਨੇ ਦੱਸਿਆ ਕਿ ਸੰਸਥਾ ਵਿਚ ਹੋਟਲ ਮੈਨੇਜਮੈਂਟ ਦੇ ਵਿੱਚ ਫਰੰਟ ਆਫਿਸ, ਫੂਡ ਵੈਬਰੇਜ ਐਂਡ ਸਰਵਿਸ, ਹਾਉਸਕੀਪਰ, ਮਸ਼ੀਨਸਟ, ਰੈਫਰੀਜੇਸ਼ਨ ਐਂਡ ਏਸੀ ਅਤੇ ਟਰੈਕਟਰ ਮਕੈਨਿਕ ਟਰੇਡ ਵਿਚ ਸੀਟਾਂ ਖਾਲੀ ਪਈਆਂ ਹਨ। ਉਨ੍ਹਾਂ ਕਿਹਾ ਕਿ ਜਿਹੜੇ ਵੀ ਵਿਦਿਆਰਥੀਆਂ ਨੇ ਦਸਵੀਂ ਪਾਸ ਕੀਤੀ ਹੈ ਉਹ ਸਰਕਾਰੀ ਆਈਟੀਆਈ ਨਵਾਂਸ਼ਹਿਰ ਪਹੁੰਚ ਕੇ ਇਨ੍ਹਾਂ ਟ੍ਰੇਡਾਂ ਵਿਚ ਦਾਖਲਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਆਈਟੀਆਈ ਵੱਲੋਂ ਬੱਸ ਪਾਸ ਦੀ ਸਹੂਲਤ ਅਤੇ ਸੰਸਥਾ ਵਿਖੇ ਖੇਡਣ ਲਈ ਮੈਦਾਨ ਵੀ ਹਨ। ਪ੍ਰਿੰਸੀਪਲ ਨੇ ਦੱਸਿਆ ਕਿ ਪਲੇਸਮੈਂਟ ਸੈੱਲ ਵਲੋਂ ਪਾਸ ਆਊਟ ਬੱਚਿਆਂ ਨੂੰ ਰੋਜ਼ਗਾਰ ਵੀ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਪਾਸ ਹੋਣ ਉਪਰੰਤ ਬੱਚਿਆਂ ਨੂੰ ਐਪ੍ਰਿੰਟਸ਼ਿਪ ਵੀ ਕਰਵਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸਿਖਿਆਰਥੀਆਂ ਨੇ ਦਾਖਲਾ ਲੈਣਾ ਹੈ ਉਨ੍ਹਾਂ ਨੂੰ ਮੌਕੇ 'ਤੇ ਹੀ ਦਾਖਲਾ ਦੇ ਦਿੱਤਾ ਜਾਵੇਗਾ।

# ਭੁੱਲਰਹੇੜੀ ਸਕੂਲ ਚ ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ ਤਹਿਤ ਪੜ੍ਹਨ ਦੇ ਚਾਹਵਾਨਾਂ ਦੀ ਪ੍ਰੀਖਿਆ ਹੋਈ



ਸੰਗਰੂਰ,21 ਸਤੰਬਰ (ਜਗਸੀਰ ਸਿੰਘ) - 'ਨਿਊ ਇੰਡੀਆ ਲਿਟਰੇਸੀ' ਪ੍ਰੋਗਰਾਮ ਤਹਿਤ ਐਤਵਾਰ ਨੂੰ ਜ਼ਿਲ੍ਹਾ ਸੰਗਰੂਰ ਦੇ ਸ਼ਹੀਦ ਮੇਜਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੜ੍ਹਨ ਦੇ ਚਾਹਵਾਨ ਬਜ਼ੁਰਗਾਂ ਦੇ ਪੇਪਰ ਹੋਏ । ਇਸ ਮੌਕੇ ਪ੍ਰੋਗਰਾਮ ਇੰਚਾਰਜ ਅਤੇ ਪੰਜਾਬੀ ਅਧਿਆਪਕਾ ਅਮਨਦੀਪ ਕੌਰ ਨੇ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋ ਬਜ਼ੁਰਗਾਂ ਅਤੇ ਨੌਜਵਾਨਾਂ ਨੂੰ ਸਿੱਖਿਅਤ ਕਰਨ ਲਈ ਚਲਾਏ ਜਾ ਰਹੇ 'ਨਿਊ ਇੰਡੀਆ ਲਿਟਰੇਸੀ' ਪ੍ਰੋਗਰਾਮ ਤਹਿਤ ਅੱਜ ਪੇਪਰ ਹੋਏ ਹਨ ਜਿਸ ਵਿਚ ਵੱਡੀ ਗਿਣਤੀ ਵਿਚ ਔਰਤਾਂ ਅਤੇ ਮਰਦਾਂ ਨੇ ਸ਼ਮੂਲੀਅਤ ਕੀਤੀ । ਉਨ੍ਹਾਂ ਉਕਤ ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ ਸੂਬੇ ਭਰ ਵਿੱਚ 'ਨਿਊ ਇੰਡੀਆ ਲਿਟਰੇਸੀ' ਪ੍ਰੋਗਰਾਮ ਤਹਿਤ 15 ਸਾਲ ਤੋਂ 35 ਸਾਲ ਅਤੇ 36 ਸਾਲ ਤੋਂ 80 ਸਾਲ ਦੇ ਸਿਖਿਆਰਥੀਆਂ ਨੂੰ ਸਾਖਰ ਬਣਾਉਣ ਲਈ ਮੁੱਢਲੀ ਸਿੱਖਿਆ ਦਿੱਤੀ ਜਾ ਰਹੀ ਹੈ। ਅਧਿਆਪਕਾ ਅਮਨਦੀਪ ਕੌਰ ਨੇ ਕਿਹਾ ਕਿ ਅੱਜ ਦੇ ਸਮੇਂ ਦੀ ਲੋੜ ਹੈ ਕਿ ਹਰ ਵਿਅਕਤੀ ਸਿੱਖਿਅਤ ਹੋਵੇ, ਭਾਵੇਂ ਉਹ ਕਿਸੇ ਵੀ ਉਮਰ ਦਾ ਹੋਵੇ, ਤਾਂ ਹੀ ਸਾਡਾ ਸੂਬਾ ਤਰੱਕੀ ਦੀਆਂ ਬਰੂਹਾਂ ਤੱਕ ਪਹੁੰਚ ਸਕੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਪਿੰਡ ਭੁੱਲਰਹੇੜੀ ਤੇ ਇਸ ਦੇ ਆਲੇ ਦੁਆਲੇ ਦੇ ਵੱਡੀ ਗਿਣਤੀ 'ਚ ਬਜ਼ੁਰਗ ਔਰਤਾਂ ਤੇ ਮਰਦ ਪੜ੍ਹਨ ਵਿੱਚ ਦਿਲਚਸਪੀ ਲੈ ਰਹੇ ਹਨ ਕਿਉਂਕਿ ਜੇਕਰ ਇਹ ਥੋੜ੍ਹਾ ਬਹੁਤ ਪੜ੍ਹ ਲਿਖ ਜਾਂਦੇ ਹਨ ਤਾਂ ਉਹ ਆਪਣੇ ਬੱਚਿਆਂ ਅਤੇ ਪਰਿਵਾਰ ਲਈ ਵਰਦਾਨ ਸਿੱਧ ਹੋਣਗੇ। ਇਸ ਮੌਕੇ 'ਨਿਊ ਇੰਡੀਆ ਲਿਟਰੇਸੀ' ਪ੍ਰੋਗਰਾਮ ਤਹਿਤ ਪੜ੍ਹ ਰਹੀਆਂ ਔਰਤਾਂ ਵੱਲੋਂ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਜਿਥੇ ਧੰਨਵਾਦ ਕੀਤਾ ਉਥੇ ਹੀ ਬਜ਼ੁਰਗਾਂ ਔਰਤਾਂ ਨੇ ਦੱਸਿਆ ਕਿ ਹੁਣ ਉਹ ਆਪਣੇ ਪੋਤੇ ਪੋਤੀਆਂ ਨੂੰ ਪੰਜਾਬੀ ਪੜ੍ਹਾਉਣ ਯੋਗ ਹੋ ਰਹੇ ਹਨ ਤੇ ਬਹੁਤ ਖੁਸ਼ੀ ਮਹਿਸੂਸ ਕਰਦੇ ਹਨ ਜਦੋਂ ਖੁਦ ਅਖ਼ਬਾਰ ਜਾਂ ਕਿਤਾਬਾਂ ਪੜ੍ਹਦੇ ਹਨ।

# ਸੀਨੀਅਰ ਨਾਗਰਿਕਾਂ ਨੂੰ ਪਹਿਲ ਦੇ ਆਧਾਰ 'ਤੇ ਦਿੱਤੀ ਜਾਵੇ ਹਰ ਸਹੂਲਤ - ਅਮਰਬੀਰ ਕੌਰ ਭੁੱਲਰ




ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ ਦੀ ਪ੍ਰਧਾਨਗੀ ਵਿਚ ਅੱਜ ਸੀਨੀਅਰ ਨਾਗਰਿਕਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਤਿਮਾਹੀ ਮੀਟਿੰਗ ਹੋਈ। ਮੀਟਿੰਗ ਵਿੱਚ ਸੀਨੀਅਰ ਨਾਗਰਿਕਾਂ ਦੀ ਸੁਰੱਖਿਆ, ਸਿਹਤ ਸੇਵਾਵਾਂ, ਬੈਂਕਾਂ, ਡਾਕਘਰਾਂ ਅਤੇ ਜੀਵਨ ਬੀਮਾ ਨਿਗਮ ਦੇ ਦਫ਼ਤਰਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਨੇ ਸੀਨੀਅਰ ਨਾਗਰਿਕਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਰਚਾ ਕੀਤੀ ਅਤੇ ਮੁੱਖ ਡਾਕਘਰ, ਹੁਸ਼ਿਆਰਪੁਰ ਦੇ ਪ੍ਰਤੀਨਿਧੀ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਹ ਸੀਨੀਅਰ ਨਾਗਰਿਕਾਂ ਲਈ ਉਪਲਬੱਧ ਸਹੂਲਤਾਂ ਨੂੰ ਇੱਕ ਪ੍ਰਮੁੱਖ ਸਥਾਨ 'ਤੇ ਪ੍ਰਦਰਸ਼ਿਤ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਨੂੰ ਡਾਕਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਵਧੀਕ ਡਿਪਟੀ ਕਮਿਸ਼ਨਰ ਨੇ ਹਾਜ਼ਰ ਮੈਂਬਰਾਂ ਨੂੰ ਸੱਦਾ ਦਿੱਤਾ ਕਿ ਉਹ ਇਸ ਸੰਦੇਸ਼ ਨੂੰ ਆਮ ਲੋਕਾਂ ਤੱਕ ਵਿਆਪਕ ਪੱਧਰ 'ਤੇ ਫੈਲਾਉਣ, ਤਾਂ ਜੋ ਸਮਾਜ ਵਿੱਚ ਬਜ਼ੁਰਗ ਨਾਗਰਿਕਾਂ ਦੇ ਸਤਿਕਾਰ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਦੇ ਵਾਤਾਵਰਣ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਐੱਚ.ਕੇ. ਵਰਮਾ, ਸੁਰਜੀਤ ਸਿੰਘ (ਬ੍ਰਿਗੇਡੀਅਰ) ਪੈਟਰਨ ਸੀਨੀਅਰ ਸਿਟੀਜ਼ਨ ਕੌਂਸਲ ਹੁਸ਼ਿਆਰਪੁਰ, ਨਰੇਸ਼ ਕੁਮਾਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਡਾ: ਰਣਜੀਤ ਸਿੰਘ, ਮਹਿੰਦਰ ਸਿੰਘ ਡੀ.ਐਸ.ਪੀ., ਸੂਰਜ ਪ੍ਰਕਾਸ਼, ਗੁਰਬਖਸ਼ ਲਾਲ, ਬੱਬਲਦੀਪ ਸਿੰਘ, ਸ਼ਿਵ ਕਪੂਰ ਸਬ-ਪੋਸਟ ਮਾਸਟਰ ਹੁਸ਼ਿਆਰਪੁਰ, ਕਰਮਜੀਤ ਸਿੰਘ ਜ਼ਿਲ੍ਹਾ ਆਈ.ਟੀ. ਮੈਨੇਜਰ, ਬਲਦੇਵ ਰਾਜ ਐਸ.ਡੀ.ਓ., ਜਰਨੈਲ ਸਿੰਘ ਅਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ।

# ਸਾਈਕਲ ਯਾਤਰਾ ਦਾ ਹੁਸ਼ਿਆਰਪੁਰ ਪੁੱਜਣ 'ਤੇ ਫਿੱਟ ਬਾਈਕਰ ਕਲੱਬ ਵੱਲੋਂ ਸਵਾਗਤ



ਹੁਸ਼ਿਆਰਪੁਰ 20 ਸਤੰਬਰ (ਤਰਸੇਮ ਦੀਵਾਨਾ)- ਸਭ ਨਾਲ ਪਿਆਰ ਕਿਸੇ ਨਾਲ ਵੈਰ ਨਹੀਂ ਦਾ ਸੰਦੇਸ਼ ਲੈ ਕੇ ਐੱਨ.ਜੀ.ਓ.ਹਿਊਮੈਨਿਟੀ ਫਸਟ ਦੇ 30 ਮੈਂਬਰਾਂ ਵੱਲੋਂ ਦੇਸ਼ ਦੀ ਕੀਤੀ ਜਾ ਰਹੀ ਸਾਈਕਲ ਯਾਤਰਾ ਦਾ ਹੁਸ਼ਿਆਰਪੁਰ ਪਹੁੰਚਣ 'ਤੇ ਫਿੱਟ ਬਾਈਕਰ ਕਲੱਬ ਦੇ ਮੈਂਬਰਾਂ ਵੱਲੋਂ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਦੀ ਅਗਵਾਈ ਹੇਠ ਸਵਾਗਤ ਕੀਤਾ ਗਿਆ, ਐੱਨ.ਜੀ.ਓ. ਵੱਲੋਂ ਇਹ ਸਾਈਕਲ ਯਾਤਰਾ ਕਸ਼ਮੀਰ ਤੋਂ ਕੇਰਲਾ ਅਤੇ ਆਸਾਮ ਤੋਂ ਗੁਜਰਾਤ ਤੱਕ ਕੀਤੀ ਜਾ ਰਹੀ ਹੈ। ਇਸ ਮੌਕੇ ਪਰਮਜੀਤ ਸੱਚਦੇਵਾ ਨੇ ਕਿਹਾ ਕਿ ਐੱਨ.ਜੀ.ਓ.ਹਿਊਮੈਨਿਟੀ ਫਸਟ ਵੱਲੋਂ ਕੀਤੀ ਗਈ ਇਸ ਪਹਿਲ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਓਨੀ ਹੀ ਘੱਟ ਹੈ ਕਿਉਂਕਿ ਇਸ ਸਾਈਕਲ ਯਾਤਰਾ ਨਾਲ ਇੱਕ ਨਾ ਸਮਾਜ ਨੂੰ ਚੰਗੀ ਸੇਹਤ ਲਈ ਸਾਈਕਲਿੰਗ ਕਰਨ ਪ੍ਰਤੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਉੱਥੇ ਨਾਲ ਹੀ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਵੀ ਇਹ ਯਾਤਰਾ ਪੂਰੀ ਦੇਸ਼ ਅੰਦਰ ਪਹੁੰਚਾਏਗੀ। ਉਨ੍ਹਾਂ ਦੱਸਿਆ ਕਿ ਇਸ ਸਾਈਕਲ ਯਾਤਰਾ ਵਿੱਚ ਮੌਜੂਦ ਲੋਕਾਂ ਦਾ ਹੁਸ਼ਿਆਰਪੁਰ ਦੇ ਅੱਡਾ ਮਾਹਿਲਪੁਰ ਵਿੱਚ ਸਵਾਗਤ ਕੀਤਾ ਗਿਆ ਤੇ ਉਪਰੰਤ ਫਿੱਟ ਬਾਈਕਰ ਕਲੱਬ ਦੇ ਮੈਂਬਰਾਂ ਵੱਲੋਂ ਉਨ੍ਹਾਂ ਦੇ ਨਾਲ ਡਵਿੱਡਾ ਅਹਿਰਾਣਾ ਤੱਕ ਸਾਈਕਲਿੰਗ ਕਰਕੇ ਯਾਤਰਾ ਨੂੰ ਅੱਗੇ ਲਈ ਵਿਦਾਈ ਦਿੱਤੀ ਗਈ। ਇਸ ਮੌਕੇ ਉੱਤਮ ਸਿੰਘ ਸਾਬੀ, ਸਾਗਰ ਸੈਣੀ, ਗੋਬਿੰਦਰ ਬੱਟੀ, ਕਰਨ ਭੱਲਾ, ਰਿਤੇਸ਼ ਗੋਇਲ, ਤਰਲੋਚਨ ਸਿੰਘ, ਗੁਰਮੇਲ ਸਿੰਘ, ਅਮਰਿੰਦਰ ਸੈਣੀ, ਡਾ. ਰਾਜੀਵ ਜੈਨ, ਸੰਜੀਵ ਸੇਹਲ, ਦੌਲਤ ਸਿੰਘ, ਉਕਾਂਰ ਸਿੰਘ, ਸੌਰਭ ਸ਼ਰਮਾ, ਸ਼ਿਵਾਂਸ਼ੀ ਸ਼ਰਮਾ, ਦਿਨੇਸ਼ ਕੁਮਾਰ ਆਦਿ ਵੀ ਮੌਜੂਦ ਸਨ।

# ਪੰਜਾਬ ਦੇ ਆਦਰਸ਼ ਸਕੂਲਾਂ ਦਾ ਰੱਬ ਹੀ ਰਾਖਾ ਕਰਮਚਾਰੀਆਂ ਨੂੰ ਅਜੇ ਤੱਕ ਨਹੀਂ ਮਿਲੀ ਅਗਸਤ ਮਹੀਨੇ ਦੀ ਤਨਖਾਹ ,,

ਮਾਨਸਾ 21 ਸਤੰਬਰ/ (ਆਤਮਾ ਸਿੰਘ ਪਮਾਰ) ਪਬਲਿਕ ਪ੍ਰਾਈਵੇਟ ਪਾਰਟਨਰਸਿਪ ਯੋਜਨਾ ਤਹਿਤ ਸੂਬੇ 'ਚ ਖੁੱਲ੍ਹੇ ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਨੂੰ ਅਜੇ ਤੱਕ ਅਗਸਤ ਮਹੀਨੇ ਦੀ ਤਨਖਾਹ ਨਾ ਮਿਲਣ ਕਰਕੇ ਘੋਰ ਆਰਥਿਕ ਸੰਕਟ ਚੋਂ ਗੁਜ਼ਰਨਾ ਪੈ ਰਿਹਾ ਹੈ। ਜਦਕਿ ਸਤੰਬਰ ਮਹੀਨਾ ਵੀ ਪੂਰਾ ਹੋਣ ਵਾਲਾ ਹੈ। ਦੂਜੇ ਪਾਸੇ ਸੂਬਾ ਸਰਕਾਰ ਦੇ ਖਜ਼ਾਨਾ ਦਫਤਰਾਂ ਵੱਲੋਂ ਸਮੇਂ ਸਿਰ ਤਨਖਾਹਾਂ ਜਾਰੀ ਕਰਨ ਦੇ ਪੱਤਰ ਜਾਰੀ ਕਰਕੇ ਅਖੌਤੀ ਹੇਕੇ ਦਿੱਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ ਅਤੇ ਸੂਬਾਈ ਆਗੂ ਮੈਡਮ ਸੁਰਿੰਦਰਪਾਲ ਕੌਰ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ । ਆਗੂਆਂ ਨੇ ਕਿਹਾ ਹੈ ਕਿ ਅਜਿਹਾ ਕੋਈ ਮਹੀਨਾ ਨਹੀਂ ਹੈ ਜਦੋਂ ਆਦਰਸ਼ ਸਕੂਲਾਂ ਦੇ ਸਮੁੱਚੇ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹਾਂ ਜਾਰੀ ਹੋਈਆਂ ਹੋਣ ਅਤੇ ਸੰਤੁਸ਼ਟੀ ਦਾ ਪ੍ਰਗਟਾਵਾ ਇਹਨਾਂ ਕਰਮਚਾਰੀਆਂ ਵੱਲੋਂ ਕੀਤਾ ਗਿਆ ਹੋਵੇ । ਉਨ੍ਹਾਂ ਕਿਹਾ ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਨੂੰ ਤਨਖਾਹਾਂ ਸਿੱਖਿਆ ਵਿਕਾਸ ਬੋਰਡ ਪੰਜਾਬ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਹਨ ਜਾਪਦਾ ਨਹੀਂ ਉਸ ਨੇ ਅਜੇ ਤੱਕ ਕਰਮਚਾਰੀਆਂ ਦੇ ਦੁੱਖਾਂ ਦਰਦਾਂ ਅਹਿਸਾਸ ਕੀਤਾ ਹੋਵੇ। ਸੂਬਾਈ ਆਗੂਆਂ ਨੇ ਪ੍ਰਾਂਤ ਸਰਕਾਰ ਤੋਂ ਪੁਰਜ਼ੋਰ ਸ਼ਬਦਾਂ ਵਿੱਚ ਮੰਗ ਕਰਦਿਆਂ ਕਿਹਾ ਹੈ ਕਿ ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹਾਂ ਦੇਣ ਦਾ ਸਰਕਾਰ ਉਚੇਚਾ ਪ੍ਰਬੰਧ ਕਰੇ ਤਾਂ ਜੋ ਕਰਮਚਾਰੀ ਨਿਸ਼ਚਿੰਤ ਹੋ ਕੇ ਸੇਵਾਵਾਂ ਨਿਭਾ ਸਕਣ। ਉਨ੍ਹਾਂ ਕਿਹਾ ਕਿ ਇੱਕ ਪਾਸੇ ਸਰਕਾਰ ਲੋਕ ਪੱਖੀ ਤੇ ਮੁਲਾਜ਼ਮ ਪੱਖੀ ਹੋਣ ਦੀ ਟਾਹਰਾਂ ਮਾਰਦੀ ਨਹੀਂ ਥੱਕਦੀ, ਦੂਜੇ ਪਾਸੇ ਤਨਖਾਹਾਂ ਸਮੇਂ ਸਿਰ ਨਾ ਮਿਲਣ ਕਰਕੇ ਮੁਲਾਜ਼ਮਾਂ ਦੇ ਬੋਝੇ ਖ਼ਾਲੀ ਹਨ। ਤਨਖਾਹਾਂ ਸਮੇਂ ਨਾ ਜਾਰੀ ਨਾ ਹੋਣ ਦੀ ਸੂਰਤ ਵਿੱਚ ਜਥੇਬੰਦੀ ਤਿੱਖਾ ਸੰਘਰਸ਼ ਵਿੱਢਣ ਲਈ ਮਜ਼ਬੂਰ ਹੋਵੇਗੀ। ਜਿਸ ਦੀ ਜ਼ਿੰਮੇਵਾਰ ਸੂਬਾ ਸਰਕਾਰ ਹੋਵੇਗੀ।

# ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕੋਸ਼ਿਸ਼ਾਂ ਜਾਰੀ

## ਮੀਟਿੰਗ ਦੌਰਾਨ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਮਤਾ ਪਾਸ,,,

“Equality and justice” Patiala 22 September INTERNATIONAL PAPER, 94636 01616 hardipchumber57@gmail.com



ਮਾਨਸਾ 21 ਸਤੰਬਰ ( ਆਤਮਾ ਸਿੰਘ ਪਮਾਰ )- ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਮਾਨਸਾ ਦੀ ਇੱਕ ਜ਼ਰੂਰੀ ਮੀਟਿੰਗ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ I ਪਿਛਲੇ ਪਰੋਗਰਾਮਾਂ ਦੇ ਰਵਿਊ ਉਪਰੰਤ ਹੜ੍ਹਾਂ ਕਾਰਨ ਅੱਗੇ ਪਾਈ ਗਈ 7 ਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਲਈ ਜੋ ਜੋਨ ਮਾਨਸਾ ਦੇ ਵੱਖ ਵੱਖ ਸਕੂਲਾਂ ਵਿੱਚ ਡਿਊਟੀਆਂ ਪਹਿਲਾਂ ਤੋਂ ਤਹਿ ਕੀਤੀਆਂ ਗਈਆਂ ਸਨ,ਸਟੇਟ ਕਮੇਟੀ ਵੱਲੋਂ ਪ੍ਰੀਖਿਆ ਦੀ ਤਾਰੀਖ ਤਹਿ ਹੁੰਦਿਆਂ ਹੀ ਮੁੜ ਤੋਂ ਸੰਭਾਲੀਆਂ ਜਾਣਗੀਆਂ I ਇਸ ਸੰਬੰਧੀ ਦੁਬਾਰਾ ਦਰੁਸਤੀ ਵੀ ਕੀਤੀ ਗਈ I ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਇਕਾਈ ਮੁਖੀ ਮਾ.ਲੱਖਾ ਸਿੰਘ ਸਹਾਰਨਾ, ਮਾ.ਮਹਿੰਦਰਪਾਲ ਅਤਲਾ ਅਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਇਕਾਈ ਦੇ ਲਗਭਗ 24 ਸਕੂਲ ਪ੍ਰੀਖਿਆ ‘ਚ ਭਾਗ ਲੈਣਗੇ ਅਤੇ ਸੁਸਾਇਟੀ ਵੱਲੋਂ ਭੇਜੀ ਗਈ ਸਾਹਿਤਕ ਵੈਨ ਨੇ 19 ਸਕੂਲਾਂ ਵਿੱਚ ਆਪਣਾ ਸਫ਼ਰ ਤਹਿ ਕਰਕੇ ਲੱਗਭਗ 18000/-ਹਜਾਰ ਰੁਪੈ ਦਾ ਵਿਗਿਆਨਕ ਸਾਹਿਤ ਵਿਦਿਆਰਥੀਆਂ ਵਿੱਚ ਵੰਡ ਦਿੱਤਾ ਹੈ I ਵਿੱਤ ਵਿਭਾਗ ਮੁਖੀ ਗੁਰਦੀਪ ਸਿੰਘ ਸਿੱਧੂ,ਆਗੂ ਕ੍ਰਿਸ਼ਨ ਮਾਨਬੀਬੜੀਆਂ,ਆਤਮਾ ਸਿੰਘ ਪਾਮਾਰ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਮੀਟਿੰਗ ‘ਚ ਇੱਕ ਮਤਾ ਵੀ ਪਾਸ ਕੀਤਾ।ਮਤੇ ਅਨੁਸਾਰ ਇਕਾਈ ਵੱਲੋਂ ਆਪਣੇ ਪੱਧਰ ‘ਤੇ ਸਹਾਇਤਾ ਫੰਡ ਇਕੱਠਾ ਕਰਕੇ ਸਟੇਟ ਕਮੇਟੀ ਨੂੰ ਪਹੁੰਚਦਾ ਕੀਤਾ ਜਾਵੇਗਾ, ਅਤੇ ਸਟੇਟ ਕਮੇਟੀ ਲੋੜਵੰਦਾਂ ਦੀ ਪਹਿਚਾਣ ਕਰਕੇ ਉਨਾਂ ਨੂੰ ਮੁੜ ਪੈਰਾਂ ਸਿਰ ਖੜਾ ਕਰਨ ਲਈ ਸਹਾਇਤਾ ਰਾਸ਼ੀ ਦੀ ਵੰਡ ਕਰੇਗੀ I ਆਗੂਆਂ ਨੇ ਸੁਸਾਇਟੀ ਦੇ ਬਾਕੀ ਮੈਂਬਰਾਂ ਨੂੰ ਨੂੰ ਵੀ ਅਪੀਲ ਕੀਤੀ ਕਿ ਇਸ ਔਖੀ ਘੜੀ ‘ਚ ਜ਼ਰੂਰਤਮੰਦਾਂ ਦੀ ਸਹਾਇਤਾ ਲਈ ਅੱਗੇ ਆਉਣ। ਆਗੂ ਮਹਿੰਦਰਪਾਲ ਰਾਏਪੁਰ,ਹਰਬੰਸ ਸਿੰਘ ਢਿਲੋਂ,ਸੁਖਵਿੰਦਰ ਸਿੰਘ ਚਕੇਰੀਆਂ ,ਅਜੈਬ ਸਿੰਘ ਅਤੇ ਦਲਵਿੰਦਰ ਸਿੰਘ ਨੇ ਕਿਹਾ ਕਿ ਜੋ ਇਕਾਈਆਂ ਸਹਾਇਤਾ ਭੇਜਣ ਤੋਂ ਰਹਿੰਦੀਆਂ ਉਹਨਾਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦਾ ਖਾਤਾ ਨੰ0044000100282234IFSCਕੋਡPUNB 0044000 ਜਾਰੀ ਕੀਤਾ ਗਿਆ ਹੈ,ਜਿਸ ਰਾਹੀਂ ਸਿੱਧੀ ਰਾਸ਼ੀ ਪੰਜਾਬ ਨੈਸਨਲ ਬੈਂਕ ਬਰਨਾਲਾ ਰਾਹੀਂ ਵੀ ਭੇਜੀ ਜਾ ਸਕਦੀ ਹੈ I ਇਸ ਸਮੇਂ ਆਗੂਆਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਵੀ ਜੰਗੀ ਪੱਧਰ ‘ਤੇ ਹੜ੍ਹ ਪੀੜਤਾਂ ਦੀ ਮਦਦ ਲਈ ਰਾਸ਼ੀ ਜਾਰੀ ਕਰਨ ਦੀ ਮੰਗ ਵੀ ਰੱਖੀ ਗਈ।

# ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਡੀ.ਸੀ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ,,

“Equality and justice” Patiala 22 September INTERNATIONAL PAPER, 94636 01616 hardipchumber57@gmail.com




ਮਾਨਸਾ 21 ਸਤੰਬਰ, (ਆਤਮਾ ਸਿੰਘ ਪਮਾਰ) ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਵਿਦਿਆਰਥੀ ਮੰਗਾਂ ਨੂੰ ਲੈ ਕੇ ਅੱਜ ਡੀ.ਸੀ ਦਫਤਰ ਮਾਨਸਾ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿੱਚ ਪੀ.ਐੱਸ.ਯੂ ਦੀ ਅਗਵਾਈ ‘ਚ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਮਾਨਸਾ , ਅਤੇ ਸਰਕਾਰੀ ਆਈ ਟੀ ਆਈ ਮਾਨਸਾ,ਦੇ ਵਿਦਿਆਰਥੀ ਸ਼ਾਮਿਲ ਸਨ। ਇਸ ਦੌਰਾਨ ਪੀ.ਐਸ.ਯੂ ਦੀ ਜ਼ਿਲਾ ਕਨਵੀਨਰ ਅਰਵਿੰਦਰ ਕੌਰ ਵੱਲੋਂ ਵਿਦਿਆਰਥੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀ ਗਈ ਰਾਸ਼ਟਰੀ ਸਿੱਖਿਆ ਨੀਤੀ 2020 ਨੇ ਰਾਜਾਂ ਦੇ ਅਧਿਕਾਰਾਂ ਤੇ ਹਮਲਾ ਹੈ। ਸਿੱਖਿਆ ਸਮਵਰਤੀ ਸੂਚੀ ਦਾ ਵਿਸ਼ਾ ਹੋਣ ਦੇ ਬਾਵਜੂਦ ਵੀ ਇਹ ਸਿੱਖਿਆ ਨੀਤੀ ਬਣਾਉਣ ਵਿੱਚ ਰਾਜ ਸਰਕਾਰਾਂ ਦੀ ਕੋਈ ਭਾਗੀਦਾਰੀ ਨਹੀਂ ਹੈ ਹਾਲਾਂਕਿ ਸਿੱਖਿਆ ਵਿੱਚ 75 ਫੀਸਦੀ ਤੋਂ ਵੱਧ ਫੰਡ ਰਾਜ ਸਰਕਾਰਾਂ ਹੀ ਅਦਾ ਕਰਦੀਆਂ ਹਨ। ਉਨਾ ਕਿਹਾ ਕਿ ਜੱਥੇਬੰਦੀ ਮੰਗ ਕਰਦੀ ਹੈ ਕਿ ਸਿੱਖਿਆ ਨੂੰ ਸੰਵਿਧਾਨ ਦੀ ਰਾਜ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਪੰਜਾਬ ਦੀ ਸਿੱਖਿਆ ਨੀਤੀ ਪੰਜਾਬ ਤੋਂ ਤਹਿ ਹੋਵੇ।ਨਵੀਂ ਸਿੱਖਿਆ ਨੀਤੀ ਦੇ ਲਾਗੂ ਹੋਣ ਨਾਲ ਵਿਦਿਆਰਥੀਆਂ ਨੂੰ ਨਵੀਂ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਦੇ ਨਵੇਂ ਟੈਂਪਲੇਟ ਅਨੁਸਾਰ ਵਿਸ਼ਿਆਂ ਦੀ ਗਿਣਤੀ ਪੰਜ ਨਾਲੋਂ ਵੱਧ ਕੇ 9 ਹੋ ਗਈ ਹੈ। ਜਿਸ ਵਿੱਚ ਮੇਜਰ-ਮਾਈਨਰ ਵਿਸ਼ੇ, ਲਾਜ਼ਮੀ ਵਿਸ਼ੇ, ਮੁੱਲ-ਵਰਧਿਤ ਕੋਰਸ, ਹੁਨਰ-ਵਿਕਾਸ ਕੋਰਸ , ਅੰਤਰ-ਅਨੁਸ਼ਾਸਨੀ ਅਤੇ ਬਹੁ-ਅਨੁਸ਼ਾਸਨੀ ਕੋਰਸ ਸ਼ਾਮਿਲ ਹਨ। ਇਨਾਂ ਵਿਸ਼ਿਆਂ ਨੂੰ ਪੜ੍ਹਾਉਣ ਲਈ ਕਾਲਜਾਂ ਕੋਲੇ ਨਾ ਤਾਂ ਕੋਈ ਢੁਕਮੇ ਪ੍ਰਬੰਧ ਹਨ ਅਤੇ ਨਾ ਹੀ ਪੂਰੇ ਟੀਚਰ, ਜਿਸ ਕਾਰਨ ਵਿਦਿਆਰਥੀਆਂ ਦੀ ਕ੍ਰੈਡਿਟ ਪੂਰੇ ਨਹੀਂ ਹੋ ਸਕਦੇ। ਬਹੁਤ ਸਾਰੇ ਕੋਰਸਾਂ ਦੀਆਂ ਕਲਾਸਾਂ ਪੂਰਾ ਸਾਲ ਸਿਰਫ਼ ਕਾਗਜ਼ਾਂ ਵਿੱਚ ਹੀ ਲੱਗਦੀਆਂ ਪੀਐਸਯੂ ਵੱਲੋਂ ਵਾਧੂ ਵਿਸ਼ਿਆਂ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਗਈ । ਪੰਜਾਬ ਸਰਕਾਰ ਪੰਜਾਬ ਵਾਸੀਆਂ ਨੂੰ ਨੌਕਰੀਆਂ ਵਿੱਚ 90 ਫੀਸਦੀ ਰਾਖਵਾਂਕਰਨ ਦੇਣ ਦਾ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਵੇਂ ਕਿ ਹੋਰ ਕਈ ਸੂਬਿਆਂ ਵਿੱਚ ਬਣਿਆ ਹੋਇਆ ਹੈ। ਉਨਾਂ ਕਿਹਾ ਕਿ ਸਰਕਾਰੀ ਨੌਕਰੀਆਂ ਪੰਜਾਬੀ ਲਾਜ਼ਮੀ ਵਿਸ਼ੇ ਦੇ 30 ਫੀਸਦੀ ਅੰਕ ਹੋਣੇ ਜਰੂਰੀ ਹਨ ਜਿਸ ਨਾਲ ਵਿਦਿਆਰਥੀ ਪੰਜਾਬੀ ਵਿਸ਼ੇ ਨੂੰ ਦਿਲਚਸਪੀ ਨਾਲ ਪੜ੍ਹ ਪਾਉਣਗੇ। ਪੰਜਾਬੀ ਯੂਨੀਵਰਸਿਟੀ ਨੇ ਪ੍ਰੀਖਿਆ ਫੀਸਾਂ ਵਿੱਚ 100 ਫੀਸਦੀ ਤੱਕ ਵਾਧਾ ਕੀਤਾ ਹੈ ਜੋ ਕਿ ਵਿਦਿਆਰਥੀਆਂ ਤੇ’ ਵਾਧੂ ਆਰਥਿਕ ਬੋਝ ਹੈ, ਪੀ.ਐਸ.ਯੂ ਇਸ ਵਾਧੇ ਨੂੰ ਵਾਪਸ ਕਰਾਉਣ ਲਈ ਤਿੱਖਾ ਸੰਘਰਸ਼ ਕਰੇਗੀ। ਸਮੈਸਟਰ ਸਿਸਟਮ ਨੂੰ ਰੱਦ ਕਰਕੇ ਸਲਾਨਾ ਸਿਸਟਮ ਬਹਾਲ ਕਰਨਾ ਚਾਹੀਦਾ ਹੈ ।ਕਿਉਂਕਿ ਯੂਜੀਸੀ ਮੁਤਾਬਕ ਸਮੈਸਟਰ ਵਿੱਚ 90 ਕੰਮ ਕਾਜੀ ਦਿਨ ਜਰੂਰੀ ਹਨ ਪਰ ਪੰਜਾਬ ਦੇ ਕਾਲਜਾਂ ਵਿੱਚ ਸਿਰਫ 30 ਤੋਂ 35 ਕਲਾਸਾਂ ਇੱਕ ਸਮੈਸਟਰ ਦੀਆਂ ਲੱਗ ਪਾਉਂਦੀਆਂ ਹਨ ਅਤੇ ਲੰਬਾ ਸਮਾਂ ਪੇਪਰਾਂ ਵਿੱਚ ਲੰਘ ਜਾਂਦਾ ਹੈ। ਮਾਨਸਾ ਦੀਆ ਵਿੱਦਿਅਕ ਸੰਸਥਾਵਾਂ ਅੱਗੇ ਬੱਸਾਂ ਨਾ ਰੁਕਣ ਕਾਰਨ ਵਿਦਿਆਰਥੀਆ ਨੂੰ ਮੁਸ਼ਕਿਲ ਆਉਂਦੀ ਹੈ ਜਿਸ ਕਾਰਨ ਵਿਦਿਆਰਥੀ ਕਾਲਜ ਸਮੇਂ ਸਿਰ ਨਹੀਂ ਪਹੁੰਚ ਪਾਉਂਦੇ ਵਿਦਿਆਰਥੀਆਨੇ ਮੰਗ ਕੀਤੀ ਕਿ ਬੱਸਾਂ ਵਿੱਦਿਅਕ ਸੰਸਥਾਵਾ ਅੱਗੇ ਰੁਕਣ। ਇਸ ਸਮੇਂ ਵਿਦਿਆਰਥੀਆ ਵੱਲੋਂ ਨਾਅਰੇਬਾਜ਼ੀ ਕੀਤੀ ਗਈ। ਵਿਦਿਆਰਥੀ ਆਗੂ ਰੇਸ਼ਮਾ ਕੌਰ, ਸਨਦੀਪ ਕੌਰ, ਜਸ਼ਨਦੀਪ ਸਿੰਘ, ਲਖਵਿੰਦਰ ਸਿੰਘ, ਸਾਹਿਲਦੀਪ ਸਿੰਘ, ਜਗਦੇਵ ਸਿੰਘ, ਹਰਦੀਪ ਸਿੰਘ ਸ਼ਾਮਿਲ ਸਨ। ਅਖੀਰ ਵਿੱਚ ਡਿਪਟੀ ਕਮਿਸ਼ਨਰ ਨਾਲ ਗੱਲਬਾਤ ਕੀਤੀ ਗਈ ਅਤੇ ਮੰਗ ਪੱਤਰ ਸੌਂਪਿਆ ਗਿਆ।

# ਨਵਰਾਤਰੀ ਦੇ ਪਹਿਲੇ ਦਿਨ ਤੋਂ ਕਾਰਾਂ ਅਤੇ ਦੋਪਹੀਆ ਵਾਹਨਾਂ ਦੀਆਂ ਕੀਮਤਾਂ ’ਚ ਕਟੌਤੀ

## ਦੇਸ਼ ਦੀਆਂ ਪ੍ਰਮੁੱਖ ਆਟੋਮੋਬਾਈਲ ਕੰਪਨੀਆਂ-ਮਾਰੂਤੀ ਸੁਜ਼ੂਕੀ, ਟਾਟਾ ਮੋਟਰਜ਼, ਅਤੇ ਹੁੰਡਈ ਮੋਟਰ ਇੰਡੀਆ ਭਲਕੇ ਤੋਂ ਕਾਰਾਂ ਦੀਆਂ ਕੀਮਤਾਂ ਘਟਾ ਰਹੀਆਂ ਹਨ

“Equality and justice” Patiala 22 September INTERNATIONAL PAPER, 94636 01616 hardipchumber57@gmail.com



ਨਵਰਾਤਰੀ ਦਾ ਸ਼ੁਭ ਤਿਉਹਾਰ ਕੱਲ੍ਹ ਤੋਂ ਸ਼ੁਰੂ ਹੋ ਰਿਹਾ ਹੈ ਅਤੇ ਇਸ ਨਾਲ ਗਾਹਕਾਂ ਨੂੰ ਕਾਫ਼ੀ ਲਾਭ ਹੋਵੇਗਾ। ਲਗਜ਼ਰੀ ਕਾਰ ਨਿਰਮਾਤਾ ਮਰਸੀਡੀਜ਼-ਬੈਂਜ਼ ਅਤੇ ਬੀਐਮਡਬਲਯੂ, ਦੋਪਹੀਆ ਵਾਹਨ ਨਿਰਮਾਤਾਵਾਂ ਦੇ ਨਾਲ 22 ਸਤੰਬਰ ਤੋਂ ਲਾਗੂ ਹੋਣ ਵਾਲੇ ਨਵੇਂ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐਸਟੀ) ਦੇ ਅਨੁਸਾਰ ਕੀਮਤਾਂ ਵੀ ਘਟਾ ਰਹੇ ਹਨ।

ਦੇਸ਼ ਦੀ ਸਭ ਤੋਂ ਵੱਡੀ ਕਾਰ ਨਿਰਮਾਤਾ, ਮਾਰੂਤੀ ਸੁਜ਼ੂਕੀ ਇੰਡੀਆ (ਐਮਐਸਆਈ), ਨੇ ਜੀਐਸਟੀ ਦਰ ਵਿੱਚ ਕਟੌਤੀ ਦੇ ਲਾਭ ਗਾਹਕਾਂ ਤੱਕ ਪਹੁੰਚਾਉਣ ਲਈ ਕਾਰਾਂ ਦੀਆਂ ਕੀਮਤਾਂ 1.29 ਲੱਖ ਰੁ. ਤੱਕ ਘਟਾ ਦਿੱਤੀਆਂ ਹਨ। ਕੰਪਨੀ ਨੇ ਦੋਪਹੀਆ ਵਾਹਨ ਗਾਹਕਾਂ ਨੂੰ ਚਾਰ-ਪਹੀਆ ਵਾਹਨਾਂ ਵਿੱਚ ਤਬਦੀਲ ਕਰਨ ਦੀ ਸਹੂਲਤ ਲਈ ਆਪਣੀਆਂ ਛੋਟੀਆਂ ਕਾਰਾਂ ਦੀਆਂ ਕੀਮਤਾਂ 8.5 ਫੀਸਦ ਤੋਂ ਵੱਧ ਘਟਾਉਣ ਦਾ ਵੀ ਫੈਸਲਾ ਕੀਤਾ ਹੈ।

ਐਂਟਰੀ-ਲੈਵਲ ਮਾਡਲ ਐਸ-ਪ੍ਰੈਸੋ ਦੀ ਕੀਮਤ 129,600ਰੁ. ਤੱਕ ਘਟਾਈ ਜਾਵੇਗੀ; ਆਲਟੋ ਕੇ10 ਦੀ ਕੀਮਤ 107,600ਰੁ. ਤੱਕ ਘਟਾਈ ਜਾਵੇਗੀ, ਸੇਲੇਰੀਓ ਦੀ ਕੀਮਤ 94,100 ਰੁਪਏ ਘਟਾਈ ਜਾਵੇਗੀ,ਵੈਗਨ ਆਰ ਦੀ ਕੀਮਤ 79,600 ਰੁਪਏ ਅਤੇ ਇਗਨਿਸ ਦੀ ਕੀਮਤ 71,300 ਰੁਪਏ ਘਟਾਈ ਜਾਵੇਗੀ। ਪ੍ਰੀਮੀਅਮ ਹੈਚਬੈਕ ਸਵਿਫਟ ਦੀ ਕੀਮਤ 84,600 ਰੁਪਏ ਘਟਾਈ ਜਾਵੇਗੀ, ਬਲੇਨੋ ਦੀ ਕੀਮਤ 86,100 ਰੁਪਏ ਘਟਾਈ ਜਾਵੇਗੀ, ਟੂਰ ਐਸ ਦੀ ਕੀਮਤ 67,200 ਰੁਪਏ ਘਟਾਈ ਜਾਵੇਗੀ ਅਤੇ ਡਿਜ਼ਾਇਰ ਦੀ ਕੀਮਤ 87,700 ਰੁਪਏ ਘਟਾਈ ਜਾਵੇਗੀ।

ਇਸ ਤੋਂ ਇਲਾਵਾ ਟਾਟਾ ਮੋਟਰਜ਼ ਦੇ ਯਾਤਰੀ ਵਾਹਨਾਂ ਦੀਆਂ ਕੀਮਤਾਂ 75,000 ਤੋਂ ਘਟਾ ਕੇ 1.45 ਲੱਖ ਰੁ.ਕਰ ਦਿੱਤੀਆਂ ਜਾਣਗੀਆਂ, ਜੋ ਕਿ 22 ਸਤੰਬਰ ਤੋਂ ਲਾਗੂ ਹੋਣਗੀਆਂ।

ਮੁੰਬਈ ਸਥਿਤ ਕੰਪਨੀ ਆਪਣੀ ਕੰਪੈਕਟ SUV, ਪੰਚ ਲਈ 85,000 ਰੁ. ਅਤੇ ਆਪਣੀ Nexon ਲਈ 1.55 ਲੱਖ ਰੁ. ਦੀ ਕੀਮਤ ਵਿੱਚ ਕਟੌਤੀ ਕਰੇਗੀ। ਮੱਧਮ ਆਕਾਰ ਦੇ ਮਾਡਲ, ਕਰਵ ਦੀ ਕੀਮਤ ਵਿੱਚ ਵੀ 65,000 ਰੁ. ਦੀ ਕਟੌਤੀ ਕੀਤੀ ਜਾਵੇਗੀ। ਇਸੇ ਤਰ੍ਹਾਂ, ਕੰਪਨੀ ਦੀਆਂ ਪ੍ਰੀਮੀਅਮ SUV, ਹੈਰੀਅਰ ਅਤੇ ਸਫਾਰੀ ਦੀਆਂ ਕੀਮਤਾਂ ਕ੍ਰਮਵਾਰ 1.4 ਲੱਖ ਅਤੇ 1.45 ਲੱਖ ਰੁਪਏ ਤੱਕ ਘਟਾਈਆਂ ਜਾਣਗੀਆਂ।

ਮਹਿੰਦਰਾ ਨੇ ਪਹਿਲਾਂ ਹੀ ਆਪਣੇ ਯਾਤਰੀ ਵਾਹਨਾਂ ਦੀਆਂ ਕੀਮਤਾਂ 1.56 ਲੱਖ ਰੁ. ਤੱਕ ਘਟਾ ਦਿੱਤੀਆਂ ਹਨ। ਕੰਪਨੀ ਨੇ ਬੋਲੇਰੋ/ਨਿਓ ਰੇਂਜ ਦੀ ਕੀਮਤ 1.27 ਲੱਖ, XUV 3XO (ਪੈਟਰੋਲ) 1.4 ਲੱਖ, XUV 3XO (ਡੀਜ਼ਲ) 1.56 ਲੱਖ, ਥਾਰ 2WD (ਡੀਜ਼ਲ) 1.35 ਲੱਖ, ਥਾਰ 4WD (ਡੀਜ਼ਲ) 1.01 ਲੱਖ ਅਤੇ ਸਕਾਰਪੀਓ ਕਲਾਸਿਕ ਦੀ ਕੀਮਤ 1.01 ਲੱਖ ਰੁ. ਘਟਾ ਦਿੱਤੀ ਹੈ।

ਜੈਗੁਆਰ ਲੈਂਡ ਰੋਵਰ (JLR) ਪਹਿਲਾਂ ਹੀ ਕੀਮਤਾਂ 4.5 ਲੱਖ ਤੋਂ ਘਟਾ ਕੇ 30.4 ਲੱਖ ਕਰ ਚੁੱਕੀ ਹੈ। ਦੋਪਹੀਆ ਵਾਹਨਾਂ ਵਿੱਚ ਹੀਰੋ ਮੋਟੋਕਾਰਪ ਦੇ ਮੋਟਰਸਾਈਕਲਾਂ ਅਤੇ ਸਕੂਟਰਾਂ ਦੀਆਂ ਕੀਮਤਾਂ 15,743 ਤੱਕ ਘਟਾਈਆਂ ਜਾਣਗੀਆਂ। ਹੌਂਡਾ ਮੋਟਰਸਾਈਕਲ ਐਂਡ ਸਕੂਟਰ ਇੰਡੀਆ ਵਿੱਚ 350cc ਤੱਕ ਦੇ ਮਾਡਲਾਂ ਦੀਆਂ ਕੀਮਤਾਂ 18,800 ਰੁਪਏ ਤੱਕ ਘਟਾਈਆਂ ਜਾਣਗੀਆਂ।

# ਸਲਾਇਟ ਦੇ ਤਕਨੀਕੀ ਮੇਲੇ ਟੈਕਫੈਸਟ - 2025 ਦੀ ਸ਼ਾਨਦਾਰ ਸਮਾਪਤੀ

“Equality and justice” Patiala 22 September INTERNATIONAL PAPER, 94636 01616 hardipchumber57@gmail.com



ਲੌਂਗੋਵਾਲ, 21 ਸਤੰਬਰ (ਜਗਸੀਰ ਸਿੰਘ) - ਭਾਰਤ ਸਰਕਾਰ ਦੀ ਮਾਲਵੇ ਦੇ ਪੇਂਡੂ ਖੇਤਰ ਵਿੱਚ ਸਥਿਤ ਪ੍ਰਸਿੱਧ ਤਕਨੀਕੀ ਸੰਸਥਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸਲਾਇਟ ਦਾ ਸਾਲਾਨਾ ਤਕਨੀਕੀ ਮੇਲਾ ਟੈਕਫੈਸਟ - 2025 ਜੋ ਤਕਨੀਕੀ ਨਵੀਨਤਾ, ਸੱਭਿਆਚਾਰਕ ਏਕੀਕਰਨ ਅਤੇ ਵਿਦਿਆਰਥੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਦਾ ਹੈ, ਸ਼ਾਨਦਾਰ ਪ੍ਰਦਰਸ਼ਨ ਨਾਲ ਸਮਾਪਤ ਹੋਇਆ, ਪ੍ਰੋ. ਸ਼ਾਲਿਨੀ ਬੱਤਰਾ, ਡੀਨ, ਫੈਕਲਟੀ, ਥਾਪਰ ਯੂਨੀਵਰਸਿਟੀ, ਪਟਿਆਲਾ, ਅਤੇ ਪ੍ਰੋ. ਮਨੀਕਾਂਤ ਪਾਸਵਾਨ, ਡਾਇਰੈਕਟਰ, ਸਲਾਇਟ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸਨ ,ਪ੍ਰੋ. ਐਮ.ਐਮ. ਸਿਨਹਾ (ਡੀਨ), ਪ੍ਰੋ. ਇੰਦਰਾਜ ਸਿੰਘ, ਪ੍ਰੋ. ਐਮ.ਐਮ. ਸਿੰਘ, ਡਾ. ਪ੍ਰੀਤ ਪਾਲ ਕੌਰ, ਡਾ. ਸ਼ੰਕਰ ਸਿੰਘ (ਮੁਖੀ, ਮਕੈਨੀਕਲ ਵਿਭਾਗ), ਕਈ ਸੀਨੀਅਰ ਫੈਕਲਟੀ ਅਤੇ ਸਟਾਫ ਦੇ ਨਾਲ, ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਇਸ ਬਹੁਪੱਖੀ ਤਿਉਹਾਰ ਵਿੱਚ 38 ਸੰਸਥਾਵਾਂ ਦੇ 250 ਭਾਗੀਦਾਰਾਂ ਨੇ ਹਿੱਸਾ ਲਿਆ। ਸਾਰੇ ਜੇਤੂਆਂ ਨੂੰ ਇਨਾਮ ਮੈਡਲ, ਨਕਦ ਪੁਰਸਕਾਰ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਅਫਰੀਕਾ ਦੇ ਵਿਦਿਆਰਥੀਆਂ, ਖਾਸ ਕਰਕੇ ਕੇਪੀਆਰ/ਐਲਪੀਯੂ ਕਾਲਜ, ਜਲੰਧਰ ਅਤੇ ਚੰਡੀਗੜ੍ਹ ਦੇ ਕੁਝ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਪੁਰਸਕਾਰ ਪ੍ਰਾਪਤ ਕੀਤੇ, ਹਿਮਾਚਲ ਪ੍ਰਦੇਸ਼ ਦੇ ਵਿਦਿਆਰਥੀਆਂ ਨੇ ਵੀ ਇਸ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਸੱਭਿਆਚਾਰਕ ਸ਼ਾਮ, ਜਿਸ ਵਿੱਚ ਨਾਟੀ, ਭੰਗੜਾ ਅਤੇ ਕਥਕ ਵਰਗੇ ਵੱਖ-ਵੱਖ ਭਾਰਤੀ ਨਾਚ ਰੂਪਾਂ ਦੇ ਮਨਮੋਹਕ ਪ੍ਰਦਰਸ਼ਨ ਸ਼ਾਮਲ ਸਨ, ਜਿੰਨਾ ਨੇ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਇੱਕ ਸੂਤਰ ਵਿੱਚ ਬੰਨਿਆ। ਸਮਾਗਮ ਦੇ ਅੰਤ ਵਿੱਚ ਲੇਜ਼ਰ ਸ਼ੋਅ ਰਾਹੀਂ ਤਕਨਾਲੋਜੀ ਅਤੇ ਕਲਾ ਦਾ ਇੱਕ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਇਸ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ।

"Equality and justice"
Patiala 22 September
INTERNATIONAL PAPER, 94636 01616
hardipchumber57@gmail.com

# ਮਹਾਨ ਅਰਥਸ਼ਾਸਤਰੀ ਜਿਆਂ ਦਰੇਜ਼ : ਗਰੀਬਾਂ ਅਤੇ ਹਾਸ਼ੀਏ 'ਤੇ ਰਹਿੰਦੇ ਲੋਕਾਂ ਦੀ ਅਵਾਜ਼

ਚੰਡੀਗੜ੍ਹ-ਗੁਰਬਿੰਦਰ ਗੁਰੀ
ਪੱਤਰਕਾਰ

**ਸਾਦਗੀ ਤੇ ਨਿਸ਼ਕਪਟਤਾ ਨਾਲ ਹੀ ਨੀਤੀਆਂ ਲੋਕਾਂ ਤੱਕ ਪਹੁੰਚ ਸਕਦੀਆਂ ਹਨ।ਜਿਆਂ ਦਰੇਜ਼, ਜਿਆਂ ਦਰੇਜ਼ ਦਾ ਜਨਮ ਬੈਲਜੀਅਮ ਵਿਚ ਹੋਇਆ। London School of Economics (LSE) ਵਿਚ ਪੜ੍ਹਾਈ ਕੀਤੀ। ਉਥੇ ਹੀ ਉਨ੍ਹਾਂ ਦਾ ਰੁਝਾਨ ਵਿਕਾਸ ਅਰਥਸ਼ਾਸਤਰ ਵੱਲ ਵਧਿਆ। ਉਹਨਾਂ ਨੇ ਇੱਕ ਮੁਸ਼ਕਲ ਰਾਹ ਚੁਣਿਆ – ਭਾਰਤ ਆ ਕੇ ਲੋਕਾਂ ਦੇ ਦਰਦ ਨਾਲ ਜੁੜ ਕੇ ਕੰਮ ਕਰਨ ਦਾ ਰਾਹ**

ਜਦੋਂ ਅਸੀਂ ਭਾਰਤੀ ਅਰਥਸ਼ਾਸਤਰ, ਗਰੀਬੀ ਉੱਚਾਟਨ, ਸਮਾਜਿਕ ਸੁਰੱਖਿਆ ਜਾਂ ਲੋਕ-ਕੇਂਦਰਿਤ ਵਿਕਾਸ ਮਾਡਲ ਦੀ ਗੱਲ ਕਰਦੇ ਹਾਂ ਤਾਂ ਇੱਕ ਨਾਮ ਹਮੇਸ਼ਾ ਸਾਹਮਣੇ ਆਉਂਦਾ ਹੈ – ਜਿਆਂ ਦਰੇਜ਼ (Jean Drèze)।

ਉਹ ਸਿਰਫ਼ ਅਰਥਸ਼ਾਸਤਰੀ ਹੀ ਨਹੀਂ, ਸਗੋਂ ਇੱਕ ਸਮਾਜਿਕ ਕਾਰਕੁਨ, ਲੋਕ-ਨੀਤੀ ਵਿਚਾਰਕ ਅਤੇ ਗਰੀਬਾਂ ਦੇ ਸੱਚੇ ਹਮੀ ਹਨ।

ਦਰੇਜ਼ ਨੇ ਆਪਣੀ ਅਕਾਦਮਿਕ ਬੁੱਧੀਮਾਨੀ, ਰਿਸਰਚ ਅਤੇ ਵਿਚਾਰਾਂ ਰਾਹੀਂ ਨਾ ਸਿਰਫ਼ ਨੀਤੀ-ਨਿਰਧਾਰਕਾਂ ਨੂੰ ਪ੍ਰਭਾਵਿਤ ਕੀਤਾ, ਸਗੋਂ ਭਾਰਤ ਦੇ ਹਾਸ਼ੀਏ 'ਤੇ ਰਹਿੰਦੇ ਲੋਕਾਂ ਦੀ ਜ਼ਿੰਦਗੀ ਵਿਚ ਥੋੜ੍ਹੀ ਨਹੀਂ, ਬਲਕਿ ਵੱਡੀ ਤਬਦੀਲੀ ਲਿਆਈ। ਮਨਰੇਗਾ ਤੋਂ ਆਰ ਟੀ ਆਈ ਤੱਕ—ਉਨ੍ਹਾਂ ਦਾ ਯੋਗਦਾਨ ਅਣਦੇਖਿਆ ਨਹੀਂ ਕੀਤਾ ਜਾ ਸਕਦਾ।

## ਜੀਵਨ ਤੇ ਸਿੱਖਿਆ

ਜਿਆਂ ਦਰੇਜ਼ ਦਾ ਜਨਮ ਬੈਲਜੀਅਮ ਵਿਚ ਹੋਇਆ। ਉਹਨਾਂ ਨੇ ਛੋਟੀ ਉਮਰ ਤੋਂ ਹੀ ਗਰੀਬੀ, ਅਸਮਾਨਤਾ ਅਤੇ ਅਨਿਆਂ ਦੇ ਮਸਲੇ ਵੇਖਣ ਸ਼ੁਰੂ ਕਰ ਦਿੱਤੇ।

ਉੱਚ ਸਿੱਖਿਆ ਲਈ ਉਹ ਇੰਗਲੈਂਡ ਚਲੇ ਗਏ ਅਤੇ London School of Economics (LSE) ਵਿਚ ਪੜ੍ਹਾਈ ਕੀਤੀ। ਉਥੇ ਹੀ ਉਨ੍ਹਾਂ ਦਾ ਰੁਝਾਨ ਵਿਕਾਸ ਅਰਥਸ਼ਾਸਤਰ ਵੱਲ ਵਧਿਆ।

ਦਰੇਜ਼ ਨੇ ਕੁਝ ਸਾਲਾਂ ਲਈ LSE ਵਿਚ ਪੜ੍ਹਾਇਆ ਵੀ। ਪਰ ਯੂਰਪ ਦੀਆਂ ਆਰਾਮਦਾਇਕ ਨੌਕਰੀਆਂ ਅਤੇ ਸੁਵਿਧਾਜਨਕ ਜੀਵਨ ਉਨ੍ਹਾਂ ਨੂੰ ਕਦੇ ਰਾਸ ਨਾ ਆਏ। ਉਹਨਾਂ ਨੇ ਇੱਕ ਮੁਸ਼ਕਲ ਰਾਹ ਚੁਣਿਆ – ਭਾਰਤ ਆ ਕੇ ਲੋਕਾਂ ਦੇ ਦਰਦ ਨਾਲ ਜੁੜ ਕੇ ਕੰਮ ਕਰਨ ਦਾ ਰਾਹ।

## ਭਾਰਤ ਨਾਲ ਜੋੜ

ਦਰੇਜ਼ ਭਾਰਤ ਆ ਕੇ ਇਲਾਹਾਬਾਦ ਯੂਨੀਵਰਸਿਟੀ ਦੇ ਜੀ. ਬੀ. ਪੰਤ ਸੋਸ਼ਲ ਸਾਇੰਸ ਇੰਸਟੀਚਿਊਟ ਨਾਲ ਜੁੜੇ।

ਲੋਕ ਉਹਨਾਂ ਨੂੰ ਸਾਈਕਲ ਤੇ ਆਪਣੀ ਰਹਾਇਸ਼ ਤੋਂ ਯੂਨੀਵਰਸਿਟੀ ਆਉਂਦੇ ਜਾਂਦੇ ਵੇਖਦੇ। ਸਾਦਗੀ ਇੰਨੀ ਕਿ ਉਹ ਅਧਿਕਾਰੀਆਂ ਤੋਂ ਲੈ ਕੇ ਵਿਦਿਆਰਥੀਆਂ ਤੱਕ ਸਭ ਨਾਲ ਖ਼ਰੀ-ਖ਼ਰੀ ਹਿੰਦੀ ਵਿਚ ਗੱਲਬਾਤ ਕਰਦੇ।

ਦਰੇਜ਼ ਨੇ ਆਪਣੀ ਅਕਾਦਮਿਕ ਜ਼ਿੰਦਗੀ ਦਾ ਵੱਡਾ ਹਿੱਸਾ ਭਾਰਤ ਵਿੱਚ ਹੀ ਬਿਤਾਇਆ। ਉਹ ਰਾਂਚੀ ਯੂਨੀਵਰਸਿਟੀ ਵਿਚ ਅਰਥਸ਼ਾਸਤਰ ਪੜ੍ਹਾ ਰਹੇ ਹਨ ਅਤੇ Delhi School of Economics ਵਿਚ ਵੀ ਵਿਜ਼ਟਿੰਗ ਪ੍ਰੋਫੈਸਰ ਹਨ।

## ਨੀਤੀਆਂ ਅਤੇ ਵੱਡੇ ਯੋਗਦਾਨ

1. ਨੈਸ਼ਨਲ ਐਡਵਾਈਜ਼ਰੀ ਕਮੇਟੀ

ਯੂ.ਪੀ.ਏ. ਸਰਕਾਰ ਦੇ ਸਮੇਂ ਦਰੇਜ਼ National Advisory Council (NAC) ਦੇ ਮੈਂਬਰ ਰਹੇ। ਇਹੇ ਉਹ ਸਮਾਂ ਸੀ ਜਦੋਂ ਉਹਨਾਂ ਦੇ ਵਿਚਾਰਾਂ ਨੇ ਸਿੱਧਾ ਸਰਕਾਰੀ ਨੀਤੀਆਂ ਦਾ ਰੂਪ ਧਾਰਿਆ।

2. ਮਨਰੇਗਾ (MGNREGA)


ਭਾਰਤ ਦੀ ਸਭ ਤੋਂ ਵੱਡੀ ਸਮਾਜਿਕ ਸੁਰੱਖਿਆ ਯੋਜਨਾ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਐਮਪਲੌਇਮੈਂਟ ਗਾਰੰਟੀ ਐਕਟ ਦੇ ਡਰਾਫਟ ਵਿਚ ਦਰੇਜ਼ ਦਾ ਮੁੱਖ ਯੋਗਦਾਨ ਸੀ।


ਇਸ ਯੋਜਨਾ ਨੇ ਪਿੰਡਾਂ ਦੇ ਗਰੀਬ ਪਰਿਵਾਰਾਂ ਨੂੰ ਰੋਜ਼ਗਾਰ ਦੀ ਗਾਰੰਟੀ ਦਿੱਤੀ। ਅੱਜ ਵੀ ਮਨਰੇਗਾ ਭਾਰਤ ਦੇ ਪਿੰਡਾਂ ਲਈ ਜੀਵਨ-ਰੇਖਾ ਹੈ।

3. ਰਾਈਟ ਟੂ ਇਨਫਰਮੇਸ਼ਨ ਐਕਟ (RTI)

ਲੋਕਾਂ ਨੂੰ ਜਾਣਕਾਰੀ ਦਾ ਹੱਕ ਮਿਲਣੀ ਇੱਕ ਕ੍ਰਾਂਤੀਕਾਰੀ ਸੋਚ ਸੀ। ਦਰੇਜ਼ ਨੇ RTI ਲਾਗੂ ਕਰਨ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾਈ। ਇਸ ਕਾਨੂੰਨ ਨੇ ਲੋਕਤੰਤਰ ਨੂੰ ਮਜ਼ਬੂਤ ਕੀਤਾ।







4. ਸਿੱਖਿਆ, ਸਿਹਤ ਅਤੇ ਪੋਸ਼ਣ

ਦਰੇਜ਼ ਦਾ ਮੰਨਣਾ ਹੈ ਕਿ ਅਸਲੀ ਵਿਕਾਸ ਸਿੱਖਿਆ, ਸਿਹਤ ਅਤੇ ਪੋਸ਼ਣ ਵਿਚ ਸੁਧਾਰ ਤੋਂ ਹੀ ਸੰਭਵ ਹੈ। ਉਹਨਾਂ ਨੇ ਮਿਡ-ਡੇ-ਮੀਲ ਸਕੀਮ, ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ (PDS) ਅਤੇ ICDS ਵਰਗੀਆਂ ਯੋਜਨਾਵਾਂ ਦੇ ਪ੍ਰਭਾਵਾਂ 'ਤੇ ਵੱਡਾ ਕੰਮ ਕੀਤਾ।

## ਅਕਾਦਮਿਕ ਯੋਗਦਾਨ

ਅਮਰਤਿਆ ਸੇਨ ਨਾਲ ਸਾਂਝਾ ਕੰਮ: ਨੋਬਲ ਪੁਰਸਕਾਰ ਜੇਤੂ ਅਰਥਸ਼ਾਸਤਰੀ ਅਮਰਤਿਆ ਸੇਨ ਨਾਲ ਮਿਲ ਕੇ ਜਿਆਂ ਦਰੇਜ਼ ਨੇ ਕਈ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚ Development as Freedom ਅਤੇ An Uncertain Glory: India and its Contradictions ਖ਼ਾਸ ਹਨ।

ਰਿਸਰਚ ਪੇਪਰ: ਦੁਨੀਆਂ ਭਰ ਦੀਆਂ ਅਗ੍ਰ ਅਕਾਦਮਿਕ ਜਰਨਲਾਂ ਵਿਚ ਉਨ੍ਹਾਂ ਦੇ ਸੈਂਕੜੇ ਲੇਖ ਪ੍ਰਕਾਸ਼ਿਤ ਹੋਏ।

ਭਾਰਤੀ ਅਰਥਸ਼ਾਸਤਰ ਵਿਚ ਨਵੀਂ ਸੋਚ: ਉਹਨਾਂ ਦਾ ਜ਼ੋਰ ਹਮੇਸ਼ਾ ਹਿਊਮਨ ਡਿਵੈਲਪਮੈਂਟ ਇੰਡੈਕਸ ਅਤੇ ਲੋਕਾਂ ਦੀ ਅਸਲੀ ਜ਼ਿੰਦਗੀ 'ਤੇ ਪੈਣ ਵਾਲੇ ਪ੍ਰਭਾਵਾਂ ਉੱਤੇ ਰਿਹਾ, ਨਾ ਕਿ ਸਿਰਫ਼ GDP ਦੀ ਵਾਧੂ ਦਰ 'ਤੇ।

## ਸਾਦਗੀ ਤੇ ਲੋਕਾਂ ਨਾਲ ਨਾਤਾ

ਦਰੇਜ਼ ਦਾ ਜੀਵਨ-ਮਾਰਗ ਬਹੁਤ ਹੀ ਸਾਦਾ ਹੈ।

ਉਹ ਅਕਸਰ ਗਰੀਬਾਂ ਦੇ ਧਰਨਿਆਂ ਤੇ ਪ੍ਰਦਰਸ਼ਨਾਂ ਵਿੱਚ ਲੋਕਾਂ ਦੇ ਨਾਲ ਬੈਠਦੇ ਹਨ।

ਵੱਡੇ ਅਰਥਸ਼ਾਸਤਰੀ ਹੋਣ ਦੇ ਬਾਵਜੂਦ ਉਹ ਮਹਲਾਂ ਵਿਚ ਨਹੀਂ, ਸਧਾਰਨ ਘਰ ਵਿਚ ਰਹਿੰਦੇ ਹਨ।

ਆਵਾਜਾਈ ਲਈ ਕਾਰ ਨਹੀਂ, ਸਾਈਕਲ ਜਾਂ ਮੋਟਰਸਾਈਕਲ ਵਰਤਦੇ ਹਨ।

## ਵਿਵਾਦ ਅਤੇ ਰਾਜਨੀਤਿਕ ਹਮਲੇ

ਦਰੇਜ਼ ਦੀ ਸਾਫ਼-ਸੁਥਰੀ ਤੇ ਲੋਕ-ਕੇਂਦਰਿਤ ਸੋਚ ਕਈ ਵਾਰ ਰਾਜਨੀਤਿਕ ਸ਼ਕਤੀਆਂ ਨੂੰ ਖਲਦੀ ਹੈ।

ਕੁਝ ਸਮਾਂ ਪਹਿਲਾਂ ਰਾਂਚੀ ਪੁਲਿਸ ਨੇ ਉਨ੍ਹਾਂ ਦੀ ਮੋਟਰਸਾਈਕਲ ਚੱਕ ਕੇ ਥਾਣੇ ਵਿਚ ਖੜ੍ਹੀ ਕਰ ਦਿੱਤੀ ਸੀ। ਕਾਰਨ ਸੀ—ਉਨ੍ਹਾਂ ਨੂੰ "ਨਕਸਲ ਸਮਰਥਕ" ਕਹਿ ਕੇ ਬਦਨਾਮ ਕਰਨਾ।

ਪਰ ਇਹੇ ਦਰੇਜ਼ ਹਨ ਜਿਨ੍ਹਾਂ ਦੀ ਮਨਰੇਗਾ ਦਾ ਪਹਿਲਾਂ ਮਜ਼ਾਕ ਬਣਿਆ ਸੀ, ਪਰ ਅੱਜ ਨਰਿੰਦਰ ਮੋਦੀ ਵੀ ਉਸ ਦੀ ਤਾਰੀਫ਼ ਕਰਦੇ ਹਨ। ਇਹ ਸਾਬਤ ਕਰਦਾ ਹੈ ਕਿ ਦਰੇਜ਼ ਦੀ ਸੋਚ ਸਮੇਂ ਤੋਂ ਅੱਗੇ ਸੀ।

## ਜਿਆਂ ਦਰੇਜ਼ ਦੀ ਸੋਚ

1. ਅਰਥਸ਼ਾਸਤਰ ਲੋਕਾਂ ਲਈ ਹੈ, ਸਿਰਫ਼ ਕਾਗ਼ਜ਼ਾਂ ਲਈ ਨਹੀਂ।

2. ਵਿਕਾਸ ਦੀ ਸੱਚੀ ਮਾਪ GDP ਨਹੀਂ, ਸਗੋਂ ਲੋਕਾਂ ਦੀ ਜੀਵਨ-ਗੁਣਵੱਤਾ ਹੈ।

3. ਸਮਾਜਿਕ ਸੁਰੱਖਿਆ, ਸਿੱਖਿਆ ਅਤੇ ਸਿਹਤ ਵਿਚ ਨਿਵੇਸ਼ ਸਭ ਤੋਂ ਵੱਡਾ ਅਰਥਿਕ ਨਿਵੇਸ਼ ਹੈ।

4. ਸਾਦਗੀ ਤੇ ਨਿਸ਼ਕਪਟਤਾ ਨਾਲ ਹੀ ਨੀਤੀਆਂ ਲੋਕਾਂ ਤੱਕ ਪਹੁੰਚ ਸਕਦੀਆਂ ਹਨ।

ਜਿਆਂ ਦਰੇਜ਼ ਸਿਰਫ਼ ਇੱਕ ਅਰਥਸ਼ਾਸਤਰੀ ਨਹੀਂ, ਸਗੋਂ ਇੱਕ ਰਾਸ਼ਟਰ-ਨਿਰਮਾਤਾ ਹਨ।

ਉਹਨਾਂ ਦੇ ਵਿਚਾਰ, ਲਿਖਤਾਂ ਅਤੇ ਸੰਘਰਸ਼ ਭਾਰਤ ਨੂੰ ਯਾਦ ਦਿਵਾਉਂਦੇ ਹਨ ਕਿ ਅਸਲੀ ਤਰੱਕੀ ਉਹ ਹੈ ਜਦੋਂ ਗਰੀਬ ਦਾ ਪੇਟ ਭਰਦਾ ਹੈ, ਬੱਚੇ ਨੂੰ ਪੜ੍ਹਾਈ ਮਿਲਦੀ ਹੈ, ਮਜ਼ਦੂਰ ਨੂੰ ਇੱਜ਼ਤ ਨਾਲ ਰੋਜ਼ਗਾਰ ਮਿਲਦਾ ਹੈ।

ਜਿਆਂ ਦਰੇਜ਼ ਦੀ ਜ਼ਿੰਦਗੀ ਸਾਨੂੰ ਇਹ ਸਬਕ ਦਿੰਦੀ ਹੈ ਕਿ ਰਾਸ਼ਟਰ ਨਿਰਮਾਣ ਕਦੇ ਵੀ ਸਿਰਫ਼ ਸਰਕਾਰਾਂ ਦੇ ਹੱਥ ਵਿਚ ਨਹੀਂ ਹੁੰਦਾ, ਸਗੋਂ ਸੋਚਵਾਨ ਵਿਅਕਤੀਆਂ ਅਤੇ ਲੋਕਾਂ ਦੇ ਸੰਘਰਸ਼ਾਂ ਰਾਹੀਂ ਸੰਭਵ ਹੁੰਦਾ ਹੈ।

## ਜਿਆਂ ਦਰੇਜ਼ ਦੀਆਂ ਮੁੱਖ ਕਿਤਾਬਾਂ ਤੇ ਲਿਖਤਾਂ

1. Hunger and Public Action (Amartya Sen ਨਾਲ, 1989)

ਭਾਰਤ ਤੇ ਹੋਰ ਵਿਕਾਸਸ਼ੀਲ ਦੇਸ਼ਾਂ ਵਿਚ ਭੁੱਖਮਰੀ, ਪੋਸ਼ਣ ਅਤੇ ਸਰਕਾਰੀ ਕਾਰਵਾਈ ਦੇ ਮਾਡਲਾਂ 'ਤੇ ਮਹੱਤਵਪੂਰਨ ਕਿਤਾਬ।

2. The Political Economy of Hunger (Amartya Sen ਅਤੇ Anne Osmani ਨਾਲ, 1991 – ਤਿੰਨ ਖੰਡਾਂ ਵਿੱਚ)

ਭੁੱਖਮਰੀ ਦੇ ਕਾਰਣਾਂ ਅਤੇ ਉਸ ਦੇ ਅਰਥਿਕ-ਸਮਾਜਿਕ ਪ੍ਰਭਾਵਾਂ ਬਾਰੇ ਵਿਸਥਾਰਪੂਰਨ ਕੰਮ।

3. India: Economic Development and Social Opportunity (Amartya Sen ਨਾਲ, 1995)

ਭਾਰਤ ਦੇ ਵਿਕਾਸ ਮਾਡਲ ਦੀ ਵਿਸਥਾਰ ਨਾਲ ਵਿਸ਼ਲੇਸ਼ਣਾ, ਸਮਾਜਿਕ ਮੌਕਿਆਂ ਤੇ ਧਿਆਨ।

4. An Uncertain Glory: India and its Contradictions (Amartya Sen ਨਾਲ, 2013)

ਭਾਰਤ ਦੀਆਂ ਤਰੱਕੀਆਂ ਅਤੇ ਖਾਮੀਆਂ, GDP ਦੇ ਮੁਕਾਬਲੇ ਲੋਕਾਂ ਦੀ ਅਸਲੀ ਹਾਲਤ ਦਾ ਵਿਸ਼ਲੇਸ਼ਣ।

5. Sense and Solidarity: Jholawala Economics for Everyone (2017)

ਲੋਕ-ਕੇਂਦਰਿਤ ਅਰਥਸ਼ਾਸਤਰ ਉੱਤੇ ਲੇਖਾਂ ਦਾ ਸੰਗ੍ਰਹਿ।

6. Public Report on Basic Education in India (PROBE Report) (1999, ਕਈ ਹੋਰ ਵਿਦਵਾਨਾਂ ਨਾਲ ਮਿਲ ਕੇ)

ਭਾਰਤ ਦੇ ਸਕੂਲੀ ਸਿੱਖਿਆ ਪ੍ਰਣਾਲੀ ਦੀ ਹਕੀਕਤ ਬੇਨਕਾਬ ਕਰਨ ਵਾਲੀ ਮਸ਼ਹੂਰ ਰਿਪੋਰਟ।

7. Democracy and the Right to Food (2004)

ਭਾਰਤ ਵਿਚ ਭੋਜਨ ਸੁਰੱਖਿਆ, ਲੋਕਾਂ ਦੇ ਹੱਕ ਅਤੇ ਲੋਕਤੰਤਰ ਦੇ ਰਿਸ਼ਤੇ ਬਾਰੇ ਮਹੱਤਵਪੂਰਨ ਰਚਨਾ।

## ਅਕਾਦਮਿਕ ਪੇਪਰ ਅਤੇ ਰਿਪੋਰਟਾਂ

Food and Nutrition in India: Facts and Interpretations

Universalisation with Quality: ICDS in a Rights Perspective

The National Rural Employment Guarantee Act: A People's Act

Mid-Day Meals in Primary Schools: Achievements and Challenges

Poverty and Inequality in India: A Re-examination

ਦਰੇਜ਼ ਦੀਆਂ ਕਿਤਾਬਾਂ ਸਿਰਫ਼ ਵਿਦਵਾਨਾਂ ਲਈ ਨਹੀਂ, ਸਗੋਂ ਆਮ ਪਾਠਕਾਂ ਨੂੰ ਵੀ ਅਰਥਸ਼ਾਸਤਰ ਦੀ ਲੋਕ-ਕੇਂਦਰਿਤ ਸਮਝ ਦਿੰਦੀਆਂ ਹਨ। ਇਹਨਾਂ ਵਿਚ ਲੋਕਾਂ ਦੀਆਂ ਜ਼ਰੂਰਤਾਂ, ਹੱਕਾਂ ਅਤੇ ਜੀਵਨ ਦੀ ਅਸਲੀਅਤ ਨੂੰ ਅਰਥਸ਼ਾਸਤਰ ਨਾਲ ਜੋੜਿਆ ਗਿਆ ਹੈ।

---

## ਸਫਾ 2 ਦੀ ਬਾਕੀ ਖਬਰ

ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਸ ਸ਼ਹਾਦਤ ਦਾ ਕੋਈ ਤੋਲ ਜੀਵੰਤ ਜਗਤ ਵਿੱਚ ਨਹੀਂ। ਉਨ੍ਹਾਂ ਨੇ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ, ਸ਼੍ਰੀ ਕਪਿਲ ਮਿਸ਼ਰਾ ਅਤੇ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦਾ ਡੀ.ਐਸ.ਜੀ.ਐਮ.ਸੀ. ਅਤੇ ਸਿੱਖਾਂ ਦੇ ਯਤਨਾਂ ਵਿੱਚ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਸੁਝਾਅ ਦਿੱਤਾ ਕਿ "ਸਾਰੀ ਸਿੱਖ ਕੌਮ ਨੂੰ ਇੱਕ ਮੰਚ ਤੇ ਲਿਆਂਦਾ ਜਾਣਾ ਜ਼ਰੂਰੀ ਹੈ।"

ਬਾਅਦ ਵਿੱਚ ਡੀ.ਐਸ.ਜੀ.ਐਮ.ਸੀ. ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਮੰਤਰੀਆਂ, ਮਹਿਮਾਨਾਂ ਅਤੇ ਹਾਜ਼ਰ ਦਰਸ਼ਕਾਂ ਦਾ ਧੰਨਵਾਦ ਕੀਤਾ।

ਸਾਬਕਾ ਰਾਜ ਸਭਾ ਮੈਂਬਰ ਅਤੇ ਘੱਟ ਗਿਣਤੀਆਂ ਕਮਿਸ਼ਨ ਦੇ ਸਾਬਕਾ ਚੇਅਰਮੈਨ ਸਰਦਾਰ ਤਰਲੋਚਨ ਸਿੰਘ ਨੇ ਕਿਹਾ ਕਿ ਪੂਰੀ ਸਭਿਆਚਾਰ ਵਿੱਚ ਗੁਰੂ ਜੀ ਦੀ ਸ਼ਹਾਦਤ ਦੀ ਕੋਈ ਤੁਲਨਾ ਨਹੀਂ। "ਸਾਡਾ ਧਰਮ ਸਾਨੂੰ ਜ਼ਾਲਮ ਦੇ ਵਿਰੁੱਧ ਖੜ੍ਹੇ ਹੋਣਾ ਸਿਖਾਉਂਦਾ ਹੈ। ਭਾਰਤੀ ਸੰਵਿਧਾਨ ਵਿੱਚ ਧਾਰਮਿਕ ਆਜ਼ਾਦੀ ਦਾ ਮੁੱਢਲਾ ਹੱਕ ਗੁਰੂ ਤੇਗ ਬਹਾਦਰ ਸਾਹਿਬ ਦੀ ਜੀਵਨ ਰੇਖਾ ਅਤੇ ਸ਼ਹੀਦੀ ਤੋਂ ਹੀ ਪ੍ਰਾਪਤ ਹੈ।" ਉਨ੍ਹਾਂ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਨੂੰ ਗੁਰੂ ਸਾਹਿਬ ਦੀ ਸ਼ਹੀਦੀ ਨੂੰ ਸਮਰਪਿਤ ਇਕ ਵਿਦਿਅਕ ਸੰਸਥਾ ਸ਼ੁਰੂ ਕਰਨ ਦੀ ਮੰਗ ਕੀਤੀ।

ਕੈਬਨਿਟ ਮੰਤਰੀ ਸ਼੍ਰੀ ਕਪਿਲ ਮਿਸ਼ਰਾ ਨੇ ਕਿਹਾ ਕਿ ਡੀ.ਐਸ. ਜੀ.ਐਮ.ਸੀ. ਵੱਲੋਂ ਕਰਵਾਈ ਗਈ ਸਰਬ ਧਰਮ ਵਾਰਤਾ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਦੀਵੀ ਜੀਵੰਤ ਰਹੇਗਾ। ਉਨ੍ਹਾਂ ਕਿਹਾ ਕਿ "ਇੱਕ ਪਰਿਵਾਰ ਦੀ ਸ਼ਹਾਦਤ ਦਾ ਹੋਰ ਕੋਈ ਉਦਾਹਰਨ ਨਹੀਂ — ਦਾਦਾ (ਗੁਰੂ ਤੇਗ ਬਹਾਦਰ), ਉਨ੍ਹਾਂ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੇ ਮਨੁੱਖਤਾ ਲਈ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ।"

ਸ਼੍ਰੀ ਮਿਸ਼ਰਾ ਨੇ ਐਲਾਨ ਕੀਤਾ ਕਿ ਦਿੱਲੀ ਸਰਕਾਰ ਵੱਲੋਂ 23 ਤੋਂ 25 ਨਵੰਬਰ ਤੱਕ ਤਿੰਨ ਦਿਨਾਂ ਦਾ ਸਮਾਗਮ ਲਾਲ ਕਿਲ੍ਹੇ 'ਚ ਕਰਵਾਇਆ ਜਾਵੇਗਾ, ਜਿਸ ਵਿੱਚ ਇੱਕ ਅਸਥਾਈ ਮਿਊਜ਼ੀਅਮ ਵੀ ਬਣਾਇਆ ਜਾਵੇਗਾ, ਜਿੱਥੇ ਸਿੱਖ ਧਰਮ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਜ਼ਿੰਦਗੀ ਨੂੰ ਦਰਸਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਲਾਈਟ ਐਂਡ ਸਾਊਂਡ ਸ਼ੋਅ ਵੀ ਕਰਵਾਇਆ ਜਾਵੇਗਾ। ਦਿੱਲੀ ਦੇ ਬਾਹਰੀ ਇਲਾਕੇ 'ਚ ਸਥਿਤ ਗੁਰੂ ਤੇਗ ਬਹਾਦਰ ਸਮਾਰਕ ਨੂੰ ਮੁੜ ਨਵੀਨਤਮ ਕੀਤਾ ਜਾਵੇਗਾ ਅਤੇ ਉੱਥੇ ਸਥਾਈ ਲੇਜ਼ਰ ਤੇ ਸਾਊਂਡ ਸ਼ੋਅ ਸ਼ੁਰੂ ਕੀਤਾ ਜਾਵੇਗਾ ਜੋ ਹਰ ਰੋਜ਼ ਪ੍ਰਦਰਸ਼ਿਤ ਕੀਤਾ ਜਾਵੇਗਾ।

ਦਿੱਲੀ ਦੇ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹਨਾਂ ਨੇ ਵੀ ਨੌਵੇਂ ਪਾਤਸ਼ਾਹ ਦੇ ਉਪਕਾਰ ਨੂੰ ਅਣਉਤਾਰਿਆ ਕਰਜ਼ਾ ਦੱਸਿਆ ਹੈ। ਧਰਮ ਪਰਿਵਰਤਨ ਦੇ ਸਬੰਧ ਵਿੱਚ ਸਿਰਸਾ ਜੀ

ਧਰਮ ਪਰਿਵਰਤਨ ਬਾਰੇ ਬੋਲਦੇ ਹੋਏ ਸ. ਸਿਰਸਾ ਨੇ ਕਿਹਾ ਕਿ ਕਿਸੇ ਨੂੰ ਵੀ ਕਿਸੇ ਹੋਰ ਧਰਮ ਵਿੱਚ ਪਰਿਵਰਤਿਤ ਕਰਨ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। "ਇਹ ਮਨੁੱਖਤਾ ਨਾਲ ਕ੍ਰੂਰਤਾ ਹੈ। ਉਸ ਸਮੇਂ ਦੇ ਮੁਗਲ ਸ਼ਾਸਕਾਂ ਨੇ ਲੋਕਾਂ ਨੂੰ ਜਬਰਨ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਕੀਤੀ," ਉਹਨਾਂ ਨੇ ਜੋੜਿਆ।

ਰਾਜ ਸਭਾ ਸਾਂਸਦ ਵਿਕਰਮਜੀਤ ਸਹਨੀ ਨੇ ਵੀ ਇਸ ਮੌਕੇ ਬੋਲਦੇ ਹੋਏ ਕਿਹਾ ਕਿ ਦਿੱਲੀ ਸਰਕਾਰ ਵੱਲੋਂ ਆਯੋਜਿਤ ਕੀਤੇ ਜਾ ਰਹੇ ਯਾਦਗਾਰੀ ਸਮਾਗਮ ਬਹੁਤ ਹੀ ਸੋਚ-ਸਮਝ ਕੇ ਯੋਜਿਤ ਕੀਤੇ ਗਏ ਹਨ ਅਤੇ ਦਿੱਲੀ ਦੀ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਇਸ ਵਿੱਚ ਗਹਿਰਾ ਰੁਝਾਨ ਲੈ ਰਹੀ ਹਨ।

ਸਵਾਮੀ ਚਿਦਾਨੰਦ ਸਰਸਵਤੀ ਨੇ ਕਿਹਾ ਕਿ ਅੱਜ ਜੋ ਭਾਰਤ ਹੈ, ਉਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਕਰਕੇ ਹੈ। "ਜੇ ਉਹਨਾਂ ਨੇ ਆਪਣੀ ਜਾਨ ਨਾ ਨਿਛਾਵਰ ਕੀਤੀ ਹੁੰਦੀ, ਤਾਂ ਹਾਲਾਤ ਬਿਲਕੁਲ ਵੱਖਰੇ ਹੁੰਦੇ," ਉਹਨਾਂ ਨੇ ਕਿਹਾ ਅਤੇ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਨ ਦੀ ਅਪੀਲ ਕੀਤੀ, ਤਾਂ ਜੋ ਭਵਿੱਖੀ ਪੀੜ੍ਹੀਆਂ ਨੂੰ ਬਚਾਇਆ ਜਾ ਸਕੇ।

ਇਸ ਮੌਕੇ ਸ਼੍ਰੀ ਸ਼੍ਰੀ ਰਵਿਸ਼ੰਕਰ ਜੀ ਦਾ ਸੁਨੇਹਾ ਵੀ ਪੜ੍ਹ ਕੇ ਸੁਣਾਇਆ ਗਿਆ।

ਆਚਾਰਿਆ ਲੋਕੇਸ਼ ਮੁਨੀ ਜੀ, ਸ਼੍ਰੀ ਗੋਸਵਾਮੀ ਸੁਸ਼ੀਲ ਜੀ, ਸ਼੍ਰੀ ਭਿੱਖੂ ਸੰਘਸੇਨਾ ਜੀ, ਹਾਜ਼ੀ ਸਈਦ ਸਲਮਾਨ ਚਿਸ਼ਤੀ ਜੀ, ਰੱਬਾਈ ਇਜ਼ੀਕੀਲ ਇਸਾਕ ਮਾਲੇਕਰ ਜੀ, ਰਾਜਯੋਗਿਨੀ ਡਾ. ਬਿੰਨੀ ਸਰੀਨ ਜੀ, ਸ਼੍ਰੀ ਰਵਿੰਦਰ ਪੰਡਿਤਾ ਜੀ ਅਤੇ ਡਾ. ਅਨੀਲ ਜੋਸਫ ਥੋਮਸ ਕੋਟੋ ਜੀ ਨੇ ਵੀ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# ਐਸ.ਡੀ.ਐਮ. ਅਹਿਮਦਗੜ੍ਹ ਵੱਲੋਂ ਪਟਵਾਰੀ, ਨੰਬਰਦਾਰ ਪਰਾਲੀ ਪ੍ਰਬੰਧਨ ਲਈ ਲਾਮਵੰਦ

"Equality and justice"
Patiala 22 September
INTERNATIONAL PAPER, 94636 01616
hardipchumber57@gmail.com



ਉਪ ਮੰਡਲ ਮੈਜਿਸਟਰੇਟ (ਐਸ.ਡੀ.ਐਮ.) ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ ਨੇ ਪਿਛਲੇ ਦਿਨੀ ਤਹਿਸੀਲ ਕੰਪਲੈਕਸ ਅਹਿਮਦਗੜ੍ਹ ਵਿਖੇ ਪਟਵਾਰੀਆਂ ਅਤੇ ਨੰਬਰਦਾਰਾਂ ਨਾਲ ਖਾਸ ਬੈਠਕ ਕਰਕੇ ਉਨ੍ਹਾਂ ਨੂੰ ਪਰਾਲੀ ਪ੍ਰਬੰਧਨ ਮੁਹਿੰਮ ਲਈ ਲਾਮਵੰਦ ਕੀਤਾ।

ਇਸ ਮੌਕੇ ਉਨ੍ਹਾਂ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਹਰੇਕ ਪਟਵਾਰੀ ਤੇ ਨੰਬਰਦਾਰ ਆਪਣੇ ਕਾਰਜ ਖੇਤਰ ਵਿੱਚ ਕਿਸਾਨਾਂ ਨੂੰ ਲਗਾਤਾਰ ਜਾਗਰੂਕ ਕਰਨ। ਉਨ੍ਹਾਂ ਜ਼ੋਰ ਦਿੱਤਾ ਕਿ ਪਰਾਲੀ ਸਾੜਨਾ ਇੱਕ ਸਮਾਜਿਕ ਅਪਰਾਧ ਹੈ ਜੋ ਨਾ ਸਿਰਫ਼ ਵਾਤਾਵਰਣ ਨੂੰ ਪਲੀਤ ਕਰਦਾ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਵੀ ਖ਼ਤਰੇ ਵਿੱਚ ਪਾਂਦਾ ਹੈ। ਇਸ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿੰਮੇਵਾਰੀ ਨਿਭਾਉਂਦੇ ਹੋਏ ਪਰਾਲੀ ਦੇ ਪ੍ਰਬੰਧਨ ਲਈ ਅੱਗੇ ਆਉਣ।

ਐਸ.ਡੀ.ਐਮ. ਨੇ ਜਾਣਕਾਰੀ ਦਿੱਤੀ ਕਿ ਝੋਨੇ ਦੀ ਕਟਾਈ ਲਈ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਕੰਬਾਇਨਾਂ ਦੇ ਇਸਤੇਮਾਲ ਦੀ ਇਜਾਜ਼ਤ ਹੈ। ਇਸ ਸਮੇਂ ਤੋਂ ਇਲਾਵਾ ਕੋਈ ਵੀ ਕੰਬਾਇਨ ਚਲਦੀ ਮਿਲੀ ਤਾਂ ਸੰਬੰਧਤ ਕਿਸਾਨ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਾਰੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਉਹ ਛੁੱਟੀਆਂ ਦੇ ਦਿਨਾਂ 'ਤੇ ਵੀ ਬਿਨਾਂ ਆਗਿਆ ਸਥਾਨ ਨਾ ਛੱਡਣ।

ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਪੰਚਾਂ, ਕਿਸਾਨ ਯੂਨੀਅਨਾਂ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਨਾਲ ਰੈਗੂਲਰ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਨੇ ਅਪੀਲ ਕੀਤੀ ਕਿ ਕਿਸਾਨ ਪਰਾਲੀ ਨੂੰ ਖੇਤਾਂ ਵਿੱਚ ਵਾਹਣ ਜਾਂ ਗੱਠਾਂ ਵਿੱਚ ਤਬਦੀਲ ਕਰਨ 'ਤੇ ਧਿਆਨ ਦੇਣ, ਜਿਸ ਨਾਲ ਵਾਤਾਵਰਣ ਪ੍ਰਦੂਸ਼ਣ ਤੋਂ ਬਚਾਇਆ ਜਾ ਸਕੇਗਾ।

# ਮਲਿਆਲਮ ਸੁਪਰਸਟਾਰ ਮੋਹਨਲਾਲ ਨੂੰ ਮਿਲੇਗਾ 2023 ਦਾ 'ਦਾਦਾਸਾਹਿਬ ਫਾਲਕੇ' ਪੁਰਸਕਾਰ

"Equality and justice"
Patiala 22 September
INTERNATIONAL PAPER, 94636 01616
hardipchumber57@gmail.com

ਮਲਿਆਲਮ ਸੁਪਰਸਟਾਰ ਮੋਹਨਲਾਲ ਨੂੰ ਭਾਰਤੀ ਸਿਨੇਮਾ ਦੇ ਸਰਵਉੱਚ ਸਨਮਾਨ, 2023 ਦੇ ਦਾਦਾਸਾਹਿਬ ਫਾਲਕੇ ਅਵਾਰਡ ਲਈ ਚੁਣਿਆ ਗਿਆ ਹੈ, ਜਿਸ ਦਾ ਐਲਾਨ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਕੀਤਾ।

ਮੰਤਰਾਲੇ ਨੇ ਐਕਸ 'ਤੇ ਪੋਸਟ ਕਰਕੇ ਕਿਹਾ, "65 ਸਾਲਾ ਅਭਿਨੇਤਾ, ਨਿਰਦੇਸ਼ਕ ਅਤੇ ਨਿਰਮਾਤਾ ਨੂੰ ਭਾਰਤੀ ਸਿਨੇਮਾ ਵਿਚ 'ਆਈਕਾਨਿਕ ਯੋਗਦਾਨ' ਲਈ ਸਨਮਾਨਿਤ ਕੀਤਾ ਜਾ ਰਿਹਾ ਹੈ। ਅਵਾਰਡ 23 ਸਤੰਬਰ ਨੂੰ 71ਵੇਂ ਨੈਸ਼ਨਲ ਫਿਲਮ ਅਵਾਰਡ ਸਮਾਰੋਹ ਵਿਚ ਦਿੱਤਾ ਜਾਵੇਗਾ।"

ਮੰਤਰਾਲੇ ਨੇ ਕਿਹਾ, "ਮੋਹਨਲਾਲ ਦੀ ਸਿਨੇਮਾਈ ਯਾਤਰਾ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਹੈ। ਉਨ੍ਹਾਂ ਦੀ ਪ੍ਰਤਿਭਾ ਅਤੇ ਮਿਹਨਤ ਨੇ ਭਾਰਤੀ ਸਿਨੇਮਾ ਵਿਚ ਸੁਨਹਿਰੀ ਮਿਸਾਲ ਕਾਇਮ ਕੀਤੀ।"

ਚਾਰ ਦਹਾਕਿਆਂ ਦੇ ਕਰੀਅਰ ਵਿਚ ਮੋਹਨਲਾਲ ਨੇ ਮਲਿਆਲਮ, ਤਾਮਿਲ, ਤੇਲਗੂ, ਹਿੰਦੀ ਅਤੇ ਕੰਨੜ ਵਿਚ 350 ਤੋਂ ਵੱਧ ਫਿਲਮਾਂ ਕੀਤੀਆਂ। ਉਨ੍ਹਾਂ ਦੀਆਂ ਪ੍ਰਸਿੱਧ ਫਿਲਮਾਂ ਵਿਚ ਥਨਮਾਤਰਾ, ਇਰੂਵਰ, ਦ੍ਰਿਸ਼ਯਮ, ਵਨਪ੍ਰਸਥਮ, ਕੰਪਨੀ, ਮੁੰਥਿਰੀਵੱਲਿਕਲ ਥਾਲਿਰਕੁੰਬੋਲ ਅਤੇ ਪੁਲੀਮੁਰੁਗਨ ਸ਼ਾਮਲ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੋਹਨਲਾਲ ਨੂੰ ਵਧਾਈ ਦਿੱਤੀ। ਸੂਚਨਾ ਮੰਤਰੀ ਅਸ਼ਵਨੀ ਵੈਸ਼ਨਾਵ ਅਤੇ



ਕਾਂਗਰਸ ਨੇਤਾ ਸ਼ਸ਼ੀ ਥਰੂਰ ਨੇ ਵੀ ਵਧਾਈ ਦਿੱਤੀ।

ਜ਼ਿਕਰਯੋਗ ਮੋਹਨਲਾਲ ਨੂੰ ਦੋ ਨੈਸ਼ਨਲ ਫਿਲਮ ਅਵਾਰਡ, ਨੌਂ ਕੇਰਲ ਸਟੇਟ ਅਵਾਰਡ, 2001 ਵਿਚ ਪਦਮ ਸ਼੍ਰੀ ਅਤੇ 2019 ਵਿਚ ਪਦਮ ਭੂਸ਼ਣ ਮਿਲ ਚੁੱਕੇ ਹਨ।

# 25 ਸਾਲਾਂ ਤੋਂ ਸਥਾਪਿਤ ਪਰਿਆਸ ਕਲਾ ਮੰਚ ( ਰਜਿ.) ਸ੍ਰੀ ਅਨੰਦਪੁਰ ਸਾਹਿਬ ਵੱਲੋਂ ਅਧਿਆਪਕ ਦਿਵਸ ਨੂੰ ਸਮਰਪਿਤ ਅਧਿਆਪਕ ਸਨਮਾਨ ਸਮਾਰੋਹ

"Equality and justice"
Patiala 22 September
INTERNATIONAL PAPER, 94636 01616
hardipchumber57@gmail.com




ਸ਼੍ਰੀ ਅਨੰਦਪੁਰ ਸਾਹਿਬ

ਪਿਛਲੇ ਲਗਭਗ 25 ਸਾਲਾਂ ਤੋਂ ਸਥਾਪਿਤ ਪਰਿਆਸ ਕਲਾ ਮੰਚ ( ਰਜਿ.) ਸ੍ਰੀ ਅਨੰਦਪੁਰ ਸਾਹਿਬ ਵੱਲੋਂ ਅਧਿਆਪਕ ਦਿਵਸ ਨੂੰ ਸਮਰਪਿਤ ਅਧਿਆਪਕ ਸਨਮਾਨ ਸਮਾਰੋਹ ਇੱਥੋਂ ਦੇ ਪ੍ਰਸਿੱਧ ਤਾਜ ਹੋਟਲ ਵਿੱਚ ਕਰਵਾਇਆ ਗਿਆ। ਇਸ ਮੌਕੇ ਪਹੁੰਚੀਆਂ ਹੋਈਆਂ ਵਿਸ਼ੇਸ਼ ਅਧਿਆਪਕ ਸ਼ਖਸ਼ੀਅਤਾਂ ਨੂੰ ਇਸ ਮੰਚ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਜ ਅਤੇ ਵਾਤਾਵਰਨ ਲਈ ਵਿਸ਼ੇਸ਼ ਤੌਰ 'ਤੇ ਕੀਤੇ ਜਾ ਰਹੇ ਉਪਰਾਲਿਆਂ ਦੇ ਲਈ ਸਟੇਟ ਐਵਾਰਡੀ ਪ੍ਰਸਿੱਧ ਲੇਖਕ ਵਾਤਾਵਰਨ - ਪ੍ਰੇਮੀ ਮਾਸਟਰ ਸੰਜੀਵ ਧਰਮਾਣੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ - ਚਿੰਨ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਮਾਸਟਰ ਸੰਜੀਵ ਧਰਮਾਣੀ ਦੀਆਂ ਸਮਾਜ ਅਤੇ ਵਾਤਾਵਰਨ ਪ੍ਰਤੀ ਕੀਤੀਆਂ ਜਾ ਰਹੀਆਂ ਨਿਰੰਤਰ ਕੋਸ਼ਿਸ਼ਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਕਿ ਵਾਤਾਵਰਣ ਨੂੰ ਸੁਧਾਰਨ ਦੇ ਲਈ ਉਹ ਨਿਰੰਤਰ ਪੌਦੇ ਲਗਾ ਰਹੇ ਹਨ , ਪੌਦਿਆਂ ਦੀ ਨਿਰੰਤਰ ਸੰਭਾਲ ਵੀ ਕਰਦੇ ਆ ਰਹੇ ਹਨ ਅਤੇ ਪੰਛੀਆਂ ਤੇ ਜੀਵ - ਜੰਤੂਆਂ ਦੀ ਭਲਾਈ ਲਈ ਵੀ ਨਿਰੰਤਰ ਕੋਸ਼ਿਸ਼ਾਂ ਕਰਦੇ ਆ ਰਹੇ ਹਨ। ਇਸ ਵਿਸ਼ੇਸ਼ ਸਨਮਾਨ ਦੇ ਲਈ ਮਾਸਟਰ ਸੰਜੀਵ ਧਰਮਾਣੀ ਨੇ ਪਰਮਾਤਮਾ ਅਤੇ ਪਰਿਆਸ ਕਲਾ ਮੰਚ ( ਰਜਿ.) ਸ੍ਰੀ ਅਨੰਦਪੁਰ ਸਾਹਿਬ ਦਾ ਦਿਲੋਂ ਧੰਨਵਾਦ ਕੀਤਾ। ਸ੍ਰੀ ਰਤਨ ਸਿੰਘ ਧਨੇੜਾ ਜੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸਾਬਕਾ ਪ੍ਰਿੰਸੀਪਲ ਅਤੇ ਪ੍ਰਧਾਨ ਪਰਿਆਸ ਕਲਾ ਮੰਚ ( ਰਜਿ) ਸ੍ਰੀ ਅਨੰਦਪੁਰ ਸਾਹਿਬ ਪ੍ਰਿੰਸੀਪਲ ਨਿਰੰਜਨ ਸਿੰਘ , ਅਲਾਇੰਸ ਕਲੱਬ ਦੇ ਡਾਕਟਰ ਹਰਦਿਆਲ ਸਿੰਘ ਪੰਨੂ , ਰਾਜਘਈ , ਮੈਡਮ ਅੰਜੂ ਬਾਲਾ , ਜਤਿੰਦਰ ਦੀਵਾਨ , ਗੁਰਪ੍ਰੀਤ ਸਿੰਘ , ਮਾਈਟੀ ਖਾਲਸਾ ਸਕੂਲ ਦੇ ਪ੍ਰਿੰਸੀਪਲ ਸ. ਅਮਿਤੋਜ ਸਿੰਘ , ਭਾਈ ਨੰਦ ਲਾਲ ਸਕੂਲ ਦੇ ਵਾਈਸ ਪ੍ਰਿੰਸੀਪਲ ਦਵਿੰਦਰ ਕੌਰ , ਮੈਂਬਰ ਪੰਜਾਬ ਦਲਿਤ ਵਿਕਾਸ ਬੋਰਡ ਦਲੀਪ ਹੰਸ , ਪ੍ਰਸਿੱਧ ਪੱਤਰਕਾਰ ਜਰਨੈਲ ਸਿੰਘ ਨਿੱਕੂਵਾਲ , ਕੁਲਦੀਪ ਪਰਮਾਰ , ਮੈਡਮ ਸੋਨੀਆ ਸ਼ਰਮਾ , ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ. ਸੇਵਾ ਸਿੰਘ , ਸਿੱਖਿਆ ਕੁਆਰਡੀਨੇਟਰ ਦਇਆ ਸਿੰਘ , ਪ੍ਰਸਿੱਧ ਗਜ਼ਲ ਗਾਇਕ ਸੁਨੀਲ ਡੋਗਰਾ ਤੋਂ ਇਲਾਵਾ ਸੈਂਕੜੇ ਮਹਾਨ ਸ਼ਖਸ਼ੀਅਤਾਂ ਹਾਜ਼ਰ ਸਨ।

# ਕਰ ਭਲਾ ਹੋ ਭਲਾ

"Equality and justice"
Patiala 22 September
INTERNATIONAL PAPER, 94636 01616
hardipchumber57@gmail.com

ਪਿਛਲੇ ਕੁੱਝ ਮਹੀਨਿਆਂ ਤੋਂ ਜਸਵੰਤ ਸਿੰਘ ਦੇ ਖ਼ਾਲੀ ਪਏ ਤੂੜੀ ਵਾਲੇ ਕੋਠੇ ਵਿੱਚ ਇੱਕ ਚਿੜੀ ਆ ਕੇ ਰਹਿਣ ਲੱਗੀ।ਦੁੱਧ ਦਾ ਭਾਅ ਨਾ ਹੋਣ ਕਰਕੇ ਜਸਵੰਤ ਸਿੰਘ ਨੇ ਆਪਣਾ ਲਵੇਰਾ ਵੇਚ ਦਿੱਤਾ ਉਦੋਂ ਤੋਂ ਹੀ ਇਹ ਤੂੜੀ ਵਾਲਾ ਕੋਠਾ ਖ਼ਾਲੀ ਹੋਣ ਕਰਕੇ ਚਿੜੀ ਦਾ ਰਹਿਣ ਬਸੇਰਾ ਬਣ ਚੁੱਕਿਆ ਸੀ। ਜਸਵੰਤ ਸਿੰਘ ਨੂੰ ਖੇਤ ਜਾਂਦੀ ਪਹੀ ਪੱਕੀ ਕਰਨ ਲਈ ਕੁੱਝ ਇੱਟਾਂ ਦੀ ਲੋੜ ਸੀ। ਸ਼ਾਮੀਂ ਖੇਤ ਆਉਣ ਤੋਂ ਬਾਅਦ ਰੋਟੀ ਦੀ ਬੁਰਕੀ ਤੋੜਦਿਆਂ ਆਪਣੀ ਪਤਨੀ ਤੇਜ ਕੌਰ ਨੂੰ ਕਹਿਣ ਲੱਗਿਆ,ਤੇਜ ਕੌਰੇ ਮੈਂ ਚਾਹੁੰਦਾ ਹਾਂ ,ਆਹ ਤੂੜੀ ਵਾਲਾ ਕੋਠਾ ਢਾਅ ਦੇਈਏ,ਹੁਣ ਪਸ਼ੂ ਤਾਂ ਘਰ ਹੈ ਨਹੀਂ,ਜਿੰਨਾ ਘੱਟ ਦੁੱਧ ਦਾ ਰੇਟ ਆ, ਮੈਨੂੰ ਲੱਗਦਾ ਆਪਣਾ ਪੜਤਾ ਵੀ ਨਹੀਂ ਪੈਣਾ ਕਿਉਂ ਨਾ ਇਹ ਕੋਠੇ ਵਾਲੀਆਂ ਇੱਟਾਂ ਦੀ ਖੇਤ ਨੂੰ ਜਾਂਦੀ ਪਹੀ ਪੱਕੀ ਬਣਾ ਲਈਏ,ਨਲੇ ਮੀਂਹ ਕਣੀ ਵਿੱਚ ਹੋਣ ਵਾਲੇ ਚਿੱਕੜ ਤੋਂ ਵੀ ਬਚਾਅ ਰਹੂ,ਖੇਤ ਆਉਣਾ ਜਾਣਾ ਸੌਖਾ ਹੋ ਜੂ।ਥਾਲੀ ਵਿੱਚ ਰੋਟੀ ਧਰਦੀ ਤੇਜ ਕੌਰ ਬੋਲੀ,ਗੱਲ ਤੇਰੀ ਠੀਕ ਆ ਸਰਦਾਰਾ ਪਰ ਇਹ ਹੁਣ ਕਿਸੇ ਦਾ ਘਰ ਵੀ ਬਣ ਚੁੱਕਿਆ ਹੈ, ਜ਼ੇਕਰ ਆਪਾਂ ਤੂੜੀ ਵਾਲਾ ਕੋਠਾ ਢਾਉਂਦੇ ਹਾਂ ਤਾਂ ਇਹ ਚਿੜੀ ਵਿਚਾਰੀ ਕਿੱਥੇ ਜਾਵੇਗੀ,ਹੁਣ ਤਾਂ ਸੁੱਖ ਨਾਲ ਇਹਦੇ ਬੋਟ ਵੀ ਇਹਦੇ ਨਾਲ ਨੇ।ਗੱਲ ਤਾਂ ਤੇਰੀ ਠੀਕ ਆ,ਚੰਗਾ ਬਾਕੀ ਜਿਵੇਂ ਤੇਰੀ ਮਰਜ਼ੀ । ਜਸਵੰਤ ਸਿੰਘ ਅਤੇ ਤੇਜ ਕੌਰ ਦੀਆਂ ਗੱਲਾਂ ਚਿੜੀ ਸੁਣ ਰਹੀ ਸੀ। ਉਸਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਉਸਦਾ ਘਰ ਉਜਾੜਿਆ ਨਹੀ ਜਾਵੇਗਾ।ਚਿੜੀ ਜਸਵੰਤ ਸਿੰਘ ਅਤੇ ਤੇਜ ਕੌਰ ਦੀ ਦਰਿਆਦਿਲੀ ਤੋਂ ਬਹੁਤ ਖੁਸ਼ ਸੀ।

ਇੱਕ ਦਿਨ ਦੀ ਗੱਲ ਹੈ ਕਿ ਜਸਵੰਤ ਸਿੰਘ ਪਾਣੀ ਦੀ ਵਾਰੀ ਲਾਉਣ ਖੇਤ ਗਿਆ ਹੋਇਆ ਸੀ ਅਤੇ ਤੇਜ ਕੌਰ ਆਪਣੇ ਛੇ ਸਾਲ ਦੇ ਪੁੱਤਰ ਰਾਜਵੰਤ ਨਾਲ ਘਰ ਵਿੱਚ ਇਕੱਲੀ ਸੀ।ਅਚਾਨਕ ਤੇਜ ਕੌਰ ਨੂੰ ਚਿੜੀ ਦੀ ਉੱਚੀ ਉੱਚੀ ਚੀਂ ਚੀਂ ਅਤੇ ਰਾਜਵੰਤ ਦੇ ਰੋਣ ਦੀ ਆਵਾਜ਼ ਸੁਣਾਈ ਦੇਣ ਲੱਗੀ। ਉਸਨੇ ਸੋਚਿਆ ਕਿ ਕਦੇ ਚਿੜੀ ਨੂੰ ਬਾਜ਼ ਨਾ ਪੈ ਗਿਆ ਹੋਵੇ,ਵਿਚਾਰੀ ਜਾਨ ਛੁਡਾਉਣ ਲਈ ਤਰਲੇ ਕਰ ਰਹੀ ਹੋਵੇਗੀ। ਜਦੋਂ ਤੇਜ ਕੌਰ ਰਾਜਵੰਤ ਕੋਲ ਪਹੁੰਚੀ ਤਾਂ ਉਸਨੇ ਦੇਖਿਆ ਕਿ ਇੱਕ ਕਾਲੇ ਰੰਗ ਦਾ ਸੱਪ ਰਾਜਵੰਤ ਵੱਲ ਵੱਧ ਰਿਹਾ ਸੀ,ਚਿੜੀ ਰਾਜਵੰਤ ਨੂੰ ਬਚਾਉਣ ਲਈ ਉੱਚੀ ਉੱਚੀ ਰੌਲ਼ਾ ਪਾ ਰਹੀ ਸੀ।ਸੱਪ ਨੂੰ ਰਾਜਵੰਤ ਵੱਲ ਵਧਣ ਤੋਂ ਰੋਕਦੇ ਸਮੇਂ ਚਿੜੀ ਦੀ ਚੁੰਝ ਵੀ ਜ਼ਖ਼ਮੀ ਹੋ ਗਈ। ਤੇਜ਼ ਕੌਰ ਨੇ ਸੋਟੀ ਚੁੱਕ ਕੇ ਇੱਕ ਹੀ ਵਾਰ ਨਾਲ ਸੱਪ ਨੂੰ ਚਿੱਤ ਕਰ ਦਿੱਤਾ। ਜ਼ਖ਼ਮੀ ਹੋਈ ਚਿੜੀ ਨੂੰ ਚੁੱਕ ਕੇ ਪਾਣੀ ਪਿਆਉਂਦੀ ਤੇਜ਼ ਕੌਰ ਬੋਲੀ,ਤੇਰਾ ਧੰਨਵਾਦ ਜ਼ੇ ਤੂੰ ਅੱਜ ਮੇਰਾ ਉੱਜੜਦਾ ਘਰ ਬਚਾ ਲਿਆ,ਜੇ ਮੇਰੇ ਪੁੱਤ ਨੂੰ ਅੱਜ ਕੁੱਝ ਹੋ ਜਾਂਦਾ, ਮੈਂ ਅਤੇ ਮੇਰਾ ਸਰਦਾਰ ਤਾਂ ਜਿਉਂਦੇ ਜੀ ਮਰ ਜਾਂਦੇ।ਤੇਜ ਕੌਰ ਨੂੰ ਹੌਂਸਲਾ ਦਿੰਦੀ ਚਿੜੀ ਬੋਲੀ,ਐਂਵੇ ਕਿਵੇਂ ਤੇਰਾ ਘਰ ਉੱਜੜ ਜਾਂਦਾ।ਜੇ ਤੁਸੀਂ ਤੂੜੀ ਵਾਲਾ ਕੋਠਾ ਢਾਅ ਦਿੰਦੇ ਤਾਂ ਮੈਂ ਅਤੇ ਮੇਰੇ ਨਿੱਕੇ ਬੱਚੇ ਅਨਾਥ ਹੋ ਜਾਂਦੇ ਸ਼ਾਇਦ ਮਰ ਹੀ ਜਾਂਦੇ,ਜਦੋਂ ਤੂੰ ਮੇਰਾ ਘਰ ਉਜੜਣ ਤੋਂ ਬਚਾ ਲਿਆ ਤਾਂ ਮੈਂ ਤੇਰਾ ਘਰ ਕਿਵੇਂ ਉੱਜੜਣ ਦਿੰਦੀ , ਸਿਆਣੇ ਇਵੇਂ ਨਹੀਂ ਕਹਿੰਦੇ ਕਰ ਭਲਾ ਹੋ ਭਲਾ ਅੰਤ ਭਲੇ ਦਾ ਭਲਾ।ਚਿੜੀ ਦੀ ਗੱਲ ਸੁਣ ਕੇ ਤੇਜ ਕੌਰ ਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ, ਤੂੰ ਜਾਨਵਰ ਨਹੀਂ ਅੱਜ ਤੋਂ ਸਾਡੇ ਘਰ ਦੀ ਮੈਂਬਰ ਹੈ , ਤੇਰੇ ਘਰ ਨੂੰ ਕੋਈ ਵੀ ਨੁਕਸਾਨ ਨਹੀਂ ਪਹੁੰਚਾਏਗਾ,ਅੱਜ ਤੋਂ ਬਾਅਦ ਤੂੰ ਇਸੇ ਘਰ ਵਿੱਚ ਰਹੇਂਗੀ ਮੇਰੀ ਸਹੇਲੀ ਬਣ ਕੇ। ਅਸੀਂ ਹਮੇਸ਼ਾ ਦੁੱਖ ਸੁੱਖ ਦੀਆਂ ਸਾਥੀ ਬਣ ਕੇ ਰਹਾਂਗੀਆਂ। ਦੂਰ ਖੜ੍ਹਾ ਜਸਵੰਤ ਸਿੰਘ ਵੀ ਚਿੜੀ ਅਤੇ ਤੇਜ਼ ਕੌਰ ਵਿਚਕਾਰ ਬਣ ਰਹੀਆਂ ਮੋਹ ਦੀਆਂ ਤੰਦਾਂ ਨੂੰ ਮਹਿਸੂਸ ਕਰ ਰਿਹਾ ਸੀ।

ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ ਬਠਿੰਡਾ
7087367969

# ਗੁਰਦੁਆਰਾ ਕਰਤਾਰਪੁਰ ਸਾਹਿਬ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਮੁੜ ਖੋਲ੍ਹਿਆ

## ਪਾਕਿਸਤਾਨ ਸਰਕਾਰ ਨੇ ਕੀਤੀ ਪੁਸ਼ਟੀ; ਹੜ੍ਹ ਕਾਰਨ ਪ੍ਰਭਾਵਿਤ ਹੋਇਆ ਸੀ ਗੁਰਦੁਆਰਾ ਸਾਹਿਬ ਦਾ ਕੰਪਲੈਕਸ

"Equality and justice"
Patiala 22 September
INTERNATIONAL PAPER, 94636 01616
hardipchumber57@gmail.com



ਪਾਕਿਸਤਾਨ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਹਾਲ ਹੀ 'ਚ ਹੜ੍ਹ ਕਾਰਨ ਪ੍ਰਭਾਵਿਤ ਸਿੱਖਾਂ ਦੇ ਧਾਰਮਿਕ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਦਾ ਕੰਪਲੈਕਸ ਪੂਰੀ ਤਰ੍ਹਾਂ ਸਾਫ਼ ਹੈ ਅਤੇ ਇਸ ਨੂੰ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਗਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ, ''ਹਾਲ ਹੀ 'ਚ ਮੌਨਸੂਨੀ ਮੀਂਹ ਦੌਰਾਨ ਕਰਤਾਰਪੁਰ ਸਾਹਿਬ ਹੜ੍ਹ ਨਾਲ ਪ੍ਰਭਾਵਿਤ ਹੋਇਆ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਸਾਫ਼ ਹੈ।''

ਦੱਸਣਯੋਗ ਹੈ ਕਿ ਪੰਜਾਬ ਜੋ ਕਿ ਪਾਕਿਸਤਾਨ ਦਾ ਸਭ ਵੱਡਾ ਸੂਬਾ ਹੈ, ਵਿੱਚ ਅਗਸਤ ਮਹੀਨੇ ਦੇ ਆਖਰ 'ਚ ਭਾਰੀ ਹੜ੍ਹ ਆਏ ਸਨ, ਜਿਸ ਕਾਰਨ ਵੱਡੇ ਪੈਮਾਨੇ 'ਤੇ ਤਬਾਹੀ ਹੋਈ ਸੀ। ਗੁਰਦੁਆਰਾ ਸਾਹਿਬ ਕੰਪਲੈਕਸ 'ਚ ਪਾਣੀ ਭਰ ਗਿਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਤੇ ਸੇਵਾਦਾਰ ਪਹਿਲੀ ਮੰਜ਼ਿਲ 'ਤੇ ਸੁਰੱਖਿਅਤ ਰਹੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਉੱਥੋਂ ਬਾਹਰ ਕੱਢ ਲਿਆ ਗਿਆ ਸੀ।

ਕਰਤਾਰਪੁਰ ਕੌਰੀਡੋਰ ਦਾ ਉਦਘਾਟਨ 2019 ਵਿੱਚ ਕੀਤਾ ਗਿਆ ਸੀ। ਇਹ ਲਾਂਘਾ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ (ਪਾਕਿਸਤਾਨ) ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਖਰੀ ਸਮਾਂ ਬਿਤਾਇਆ ਸੀ, ਨੂੰ ਭਾਰਤੀ ਪੰਜਾਬ ਦੇ ਜ਼ਿਲ੍ਹੇ ਗੁਰਦਾਸਪੁਰ 'ਚ ਪੈਂਦੇ ਗੁਰਦੁਆਰਾ ਡੇਰਾ ਬਾਬਾ ਨਾਨਕ ਨਾਲ ਜੋੜਦਾ ਹੈ। ਇਹ ਗਲਿਆਰਾ 4.7 ਕਿਲੋਮੀਟਰ ਲੰਬਾ ਹੈ ਜਿਸ ਰਾਹੀਂ ਭਾਰਤੀ ਸ਼ਰਧਾਲੂ ਬਿਨਾਂ ਵੀਜ਼ੇ ਤੋਂ ਕਰਤਾਰਪੁਰ ਸਾਹਿਬ ਵਿਖੇ ਦਰਸ਼ਨ ਕਰਨ ਜਾਂਦੇ ਹਨ। ਹਾਲਾਂਕਿ ਭਾਰਤ ਨੇ ਪਾਕਿਸਤਾਨ-ਸਮਰਥਿਤ ਦਹਿਸ਼ਤਗਰਦਾਂ ਵੱਲੋਂ ਪਹਿਲਗਾਮ 'ਚ ਹਮਲਾ ਕੀਤੇ ਜਾਣ ਮਗਰੋਂ 7 ਮਈ ਨੂੰ ਲਾਂਘੇ ਰਾਹੀਂ ਸੰਚਾਲਨ ਮੁਅੱਤਲ ਕਰ ਦਿੱਤਾ ਸੀ। ਇਹ ਸੰਚਾਲਨ ਹਾਲੇ ਤੱਕ ਬਹਾਲ ਨਹੀਂ ਹੋਇਆ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਾਲ ਹੀ 'ਚ ਗਲਿਆਰਾ ਮੁੜ ਖੋਲ੍ਹਣ 'ਤੇ ਜ਼ੋਰ ਦਿੱਤਾ ਸੀ ਅਤੇ ਆਖਿਆ ਸੀ ਕਿ ਉਹ ਜਲਦੀ ਹੀ ਇਸ ਸਬੰਧੀ ਕੇਂਦਰ ਨੂੰ ਪੱਤਰ ਲਿਖਣਗੇ। ਉਨ੍ਹਾਂ ਕਿਹਾ ਸੀ, ''ਜੇਕਰ ਤੁਸੀਂ ਏਸ਼ੀਆ ਕੱਪ 'ਚ ਭਾਰਤ ਤੇ ਪਾਕਿਸਤਾਨ ਵਿਚਾਲੇ ਮੈਚ ਦੇ ਆਗਿਆ ਦੇ ਸਕਦੇ ... ਪਾਕਿਸਤਾਨ ਸਥਿਤ ਧਾਰਮਿਕ ਅਸਥਾਨਾਂ ਪ੍ਰਤੀ ਉਨ੍ਹਾਂ ਦੀ ਸ਼ਰਧਾ ਨੂੰ ਕਿਉਂ ਨਜ਼ਰਅੰਦਾਜ਼ ਜਾਣਾ ਚਾਹੀਦਾ ਹੈ? ਜਾਂ ਤੁਸੀਂ ਪਾਕਿਸਤਾਨ ਨਾਲ ਹਰ ਤਰ੍ਹਾਂ ਤੇ ਸਬੰਧਾਂ ਆਗਿਆ ਦਿਓ ਜਾਂ ਫਿਰ ਕਿਸੇ ਵੀ ਚੀਜ਼ ਦੀ ਆਗਿਆ ਨਾ ਦਿੱਤੀ ਜਾਵੇ।''

ਇਸੇ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਸ ਨੂੰ ਭਾਰਤ ਤੋਂ ਸ਼ਰਧਾਲੂਆਂ ਦੀਆਂ ਧਾਰਮਿਕ ਸਥਾਨਾਂ ਦੀਆਂ ਯਾਤਰਾਵਾਂ ਜਿਸ ਵਿੱਚ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਵੀ ਸ਼ਾਮਲ ਹੈ, ਸਬੰਧੀ ਕੋਈ ਅਧਿਕਾਰਤ ਸੂਚਨਾ ਨਹੀਂ ਮਿਲੀ ਹੈ। ਅਧਿਕਾਰੀਆਂ ਨੇ ਜ਼ੋਰ ਦੇ ਕੇ ਆਖਿਆ ਕਿ ਧਾਰਮਿਕ ਸਥਾਨ 'ਚ ਸੰਚਾਲਨ ਪੂਰੀ ਤਰ੍ਹਾਂ ਬਹਾਲ ਹੋ ਗਿਆ ਹੈ, ਹੜ੍ਹਾਂ ਨਾਲ ਹੋਏ ਨੁਕਸਾਨ ਦੀ ਮੁਰੰਮਤ ਕਰ ਦਿੱਤੀ ਗਈ ਹੈ ਅਤੇ ਸ਼ਰਧਾਲੂ ਸੁਰੱਖਿਅਤ ਅਤੇ ਆਰਾਮ ਨਾਲ ਦਰਸ਼ਨ ਕਰ ਸਕਦੇ ਹਨ।

“समानता और न्याय”
पटियाला 22 सितम्बर
INTERNATIONAL PAPER, 9463601616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## जब तक इस देश में अंग्रेज सरकार है, हमारे हाथ में सत्ता आना संभव नहीं

**(का आगे गा भाग)**



अध्यक्ष महोदय, इस तरह साफगोई से मुझे बोलना पड़ रहा है, इस बात का मुझे दुख है। लेकिन इसके अलावा मुझे तो और कोई पर्याय नजर नहीं आ रहा। दलितों का कोई दोस्त नहीं है। आज की सरकार ने अपने अस्तित्व की रक्षा के लिए आज तक कई बहाने बना कर उनसे अपना काम निकलवाया है। हिंदुओं ने भी अपनी जरूरत से उन्हें पास लिया है, तब भी अंतिमतः उन्हें दूर करने के लिए ही लिया और स्पष्टता से अगर कहना हो तो, हिंदू उन्हें अपने अधिकारों से पूरी तरह वंचित रखना चाहते हैं। अपने विशेष अधिकारों में कोई हिस्सेदार न हो इसलिए मुसलमान भी उनका अलग अस्तित्व अस्वीकार करते हैं। यानी सरकार द्वारा दुर्बल बनाया, हिंदुओं के दमन का शिकार और मुसलमानों से अवमानित किया गया वर्ग है यह। मुझे यकीन है कि, और कहीं भी ऐसा वर्ग नहीं होगा, जिसकी इतनी असहाय और असहनीय स्थिति हो गई हो। और इसीलिए मुझे आपका ध्यान इस ओर आकृष्ट करना पड़ा है।

जिस अगले सवाल पर बातचीत होनी है उसके बारे में कहना हो तो, बड़े खेद के साथ मुझे यह कहना है कि परिषद के सामान्य विषयों के साथ बेकार में ही इस विषय को जोड़ दिया गया है। यह सवाल इतना महत्त्वपूर्ण है कि अलग सत्र में ही अल्पसंख्यकों से जुड़ी इन समस्याओं के बारे में सोचा जाना चाहिए। छुटपुट जिक्र करने भर से इस सवाल का हल निकलना संभव नहीं है। यह प्रश्न दलितों की दृष्टि से भी अहम होने के कारण महत्त्वपूर्ण है। अल्पसंख्यकों के प्रतिनिधि के नाते हमें केन्द्र सरकार से यह उम्मीद है कि सरकार अल्पसंख्यकों के हितों को ध्यान में रखते हुए कदम उठाए और प्रांत के बहुसंख्यकों द्वारा फैलाई जा रही अव्यवस्था पर नियंत्रण रखा जाए। एक भारतीय होने के नाते भारतीय राष्ट्रवाद के संबंध में मुझे निश्चित रूप से आस्था है और इसे बढ़ावा मिले ऐसा मैं चाहता हूं और इसीलिए केंद्रीय प्रशासन पद्धति में मेरा विश्वास है। इस व्यवस्था को विघटित करने या उसमें दरारें पैदा करने का खयाल भी मुझे बेचैन कर जाता है। एक केंद्रीय शासन व्यवस्था में भारतीय राष्ट्र की छवि बनाने की अपार क्षमता है। एक केंद्रीय शासन पद्धति के कारण ही भारत में एकराष्ट्र का भाव पनपा है। लेकिन अभी वह पूर्णावस्था तक नहीं पहुंची है। इसीलिए, आज की राष्ट्र निर्मिति की प्राथमिक स्थिति में इस एक केंद्रीय शासनपद्धति को हटाना मुझे अमान्य है। क्योंकि, भारत अभी भी पूरी तरह एक संघ राष्ट्र नहीं बना है।

तथापि, जिस तरह से इस सवाल को पेश किया गया है, उसे गौर से देखें तो यह केवल किताबी सवाल महसूस होता है। इसीलिए प्रांत की सरकारें अगर केंद्रीय सरकार के साथ विसंगत नहीं चलने वाली हों, तो संघ शासनपद्धति के बारे में भी सोचने के लिए मैं तैयार हूं।

अध्यक्ष महोदय, दलितों के प्रतिनिधि के तौर पर उनकी तरफ से जो भी कुछ मैं कहना चाहता था, वह सब मैंने आपके सामने रखा है। आज एक भारतीय के नाते हमें किन स्थितियों से मुकाबला करना पड़ता है, इस बारे में दो शब्द कहने की इजाज़त मिले तो मैं कुछ कहना चाहूंगा। राष्ट्रीय आंदोलन का मूक प्रेक्षक ना होने पर भी अब तक इस विषय पर जो गंभीर राय सामने रखी गई हैं उनके बारे में मैं अलग से भाष्य नहीं करना चाहता। हमारी समस्या का हल निकलने के दृष्टिकोण से क्या हम सही रास्ते पर चल रहे हैं अथवा नहीं, इस बात को लेकर मैं चिंतित हूं। इन उपायों का स्वरूप क्या हो यह तय करना अंग्रेजों के प्रतिनिधियों के दृष्टिकोण पर निर्भर है। मैं उन्हें इतना ही कहना चाहता हूं कि इन स्थितियों से राह निकालने के लिए सुलह का रास्ता अपनाना है या दमन का इसका निर्णय उन्हें करना है। क्योंकि निर्णय भले कोई भी हो, अंतिम जिम्मेदारी उन्हीं की होगी। आपमें से जिनका बलप्रयोग में विश्वास है उन्हें राजनीतिक दर्शन के एक महान शिक्षक एडमंड बर्क के एक चिरस्मरणीय वाक्य की याद दिलाना चाहता हूं। अमेरिका के उपनिवेश की समस्याओं के बारे में विचार कर उन्होंने अंग्रेजों के राष्ट्र को उद्देश्य कर कहा,

“बल का प्रयोग (उपयोग ) केवल क्षणिक होता है। कुछ समय के लिए उसके सहारे सत्ता चलाई जा सकती है। लेकिन उन्हें हमेशा अपने अधीन रखने के लिए बल का प्रयोग करने की आवश्यकता बढ़ाने के लिए दूर नहीं कर सकते। जिस राष्ट्र को हमेशा अपने शासन में रखना हो उस पर इस प्रकार शासन नहीं किया जा सकता।”

मेरी दूसरी आपत्ति है, बल की परिणामकारकता की अनिश्चितता के संदर्भ में। बल के प्रयोग से हमेशा दहशत कायम रहेगी, ऐसा नहीं है और सुसज्ज सेना का मतलब विजय नहीं होता। आपको अगर सफलता नहीं मिली, तो फिर कोई भी मार्ग नहीं बचता। बातचीत से हल न निकले तो बल का ही प्रयोग करना पड़ता है। बल के प्रयोग से हर बार दहशत पैदा हो यह जरूरी नहीं। लेकिन बल का प्रयोग भी अगर असफल रहे तो बातचीत में कुछ उम्मीद नहीं बचती। दया के बदले -कभी कभी सत्ता और अधिकार पाए जा सकते हैं, लेकिन शक्तिपात और हारी हुई हिंसा को भीख के तौर पर सत्ता और अधिकार की मांग नहीं की जा सकती...

“Equality and Justice”
“Equality and Justice” Rs. 500/month स्वतंत्रता, समानता, भाईचारा

बल के इस्तेमाल के मेरे विरोध की अगली वजह है जी-तोड़ कोशिश कर आप जो कमाएंगे, उसे ही हानि पहुंचाएंगे। आप जो पाते हैं वह उसके मूल रूप में नहीं पाते हैं, आपको जो मिलता है, उसका पहले ही अवमूल्यन हुआ होता है, वह मटियामेल हुआ होता है, वह उजाड़ और उसका सर्वनाश हुआ होता है।

इस यथार्थ को आपने नजरंदाज किया और महान अमेरिका खंड आपके हाथ से निकल गया। आपने उसकी सुध ली तभी बाकी बचे राज्य आपके नियंत्रण में हैं। हममें से जो लोग सुलह की बात को मानते हैं उन्हें मैं एक सलाह देना चाहता हूं यहां के प्रतिनिधियों को शायद ऐसा लगता है कि स्वसत्ता वाले राज्यों के स्तर के बारे में होने वाली यह लड़ाई निर्णायक साबित होगी और उसी पर अंतिम निर्णय निर्भर होगा। लेकिन इतने बड़े सवाल को तार्किक सूत्रों में बांधने की कोशिश करने जैसी कोई बड़ी गलती नहीं होगी। तर्क विज्ञान से मेरा बैर नहीं है, लेकिन यहां के विद्वान अपने पूर्वानुमान ज्ञान से चुनें, यही मेरा कहना है। वरना जिन्हें दूर नहीं किया जा सकता ऐसे संकट आन खड़े होंगे।

मेरा उनके लिए यही संकेत है। डाकटर जॉनसन ने जिस तरह बर्कले के सारे विरोधाभासों को कुचल दिया, उसी तरह तर्क के बल पर हार होने के बाद आप हार मान लेते हो या फिर से तर्क करते हुए उस राय को गलत साबित करने की कोशिश करते हो, यह पूरी तरह आपके स्वभाव पर निर्भर करता है। एक बात शायद कोई ठीक तरह से समझ नहीं पाया है। वह यह कि, देश की फिलहाल मानसिकता और प्रवृत्ति ऐसी है, कि बहुसंख्यक लोगों को जो अस्वीकार है, ऐसी कोई भी घटना यहां पर काम की साबित नहीं हो पाती। आप चयन करें, और हम उसको चुपचाप स्वीकार करें, यह व्यवस्था कब की खत्म हो चुकी है। वह कभी भी लौट कर नहीं आने वाली है। इसीलिए संविधान लागू हो, ऐसी अगर आपकी इच्छा हो तो नया संविधान तय करते वक्त नए संविधान को तर्क के आधार के बजाय लोक सम्मति की कसौटी पर कसना चाहिए, यही सही होगा।

# उदयपुर हाईकोर्ट बेंच की मांग: आदिवासियों को न्याय के लिए एडवोकेट्स के आन्दोलन को राजनीतिक पार्टियों का समर्थन

**भारतीय कम्युनिस्ट पार्टी ने जोर देकर कहा कि जोधपुर उच्च न्यायालय का सफर और वहां बार-बार कोर्ट में हाजिरी देना इस क्षेत्र के आदिवासियों की वित्तीय क्षमता से बाहर है, जिसके कारण वे न्याय से वंचित रह जाते हैं।**

“समानता और न्याय”
पटियाला 22 सितम्बर
INTERNATIONAL PAPER, 9463601616
hardipchumber57@gmail.com



उदयपुर- मेवाड़-वागड़ क्षेत्र के आम नागरिकों और विशेष रूप से आदिवासी समुदाय को न्याय दिलाने की लड़ाई एक बार फिर तेज हो गई है। उदयपुर में हाई कोर्ट बेंच की स्थापना की चार दशक पुरानी मांग को लेकर चल रहे आंदोलन को भारतीय कम्युनिस्ट पार्टी के उदयपुर जिला परिषद ने अपना पूर्ण समर्थन दे दिया है। इससे पूर्व भाजपा और कांग्रेस के नेतागण भी आंदोलनरत वकीलों को अपना समर्थन दे चुके हैं। उदयपुर बार एसोसिएशन के सदस्यगण पिछले तीन दिनों से अपनी मांग को लेकर रैली, धरना प्रदर्शन और सुन्दरकाण्ड पाठ आदि कर रहे हैं। डिविजनल कमीश्नर ऑफिस के सामने दो दिनों से अधिवक्ता प्रदर्शन कर रहे हैं। बीकानेर में हाईकोर्ट की बेन्च जाने की सुगबुगाहट के बाद उदयपुर के वकीलों ने अपने आन्दोलन को तेज कर दिया है।

शनिवार को भारतीय कम्युनिस्ट पार्टी के जिला सचिव हिम्मत चांगवाल ने संयोजक रमेश नंदवाना और जिला बार एसोसिएशन के अध्यक्ष चंद्र भान सिंह शक्तावत को एक समर्थन पत्र सौंपकर इस आंदोलन के साथ अपनी एकजुटता जताई। इस मौके पर जिला सचिवमंडल सदस्य सुरेश मीणा भी मौजूद थे।

समर्थन पत्र में पार्टी ने स्पष्ट कहा कि उदयपुर में हाई कोर्ट बेंच की स्थापना न केवल जरूरी, बल्कि इस आदिवासी बहुल क्षेत्र के गरीब लोगों के लिए न्याय तक पहुंच का एकमात्र साधन है। पार्टी ने जोर देकर कहा कि जोधपुर उच्च न्यायालय का सफर और वहां बार-बार कोर्ट में हाजिरी देना इस क्षेत्र के आदिवासियों की वित्तीय क्षमता से बाहर है, जिसके कारण वे न्याय से वंचित रह जाते हैं।

इस बात पर विशेष जोर दिया गया कि दूर-दराज के पहाड़ी और जंगली इलाकों में रहने वाले लोगों के लिए जोधपुर की यात्रा करना एक बहुत बड़ी चुनौती है। यह मांग लगातार चार दशकों से उठाई जा रही है, लेकिन किसी भी राजनीतिक दल की सरकार ने इसे गंभीरता से नहीं लिया।

भारतीय कम्युनिस्ट पार्टी ने आरोप लगाया कि यहां के जनप्रतिनिधि भी इस मुद्दे को प्रभावी ढंग से उठाने में विफल रहे हैं। न तो विधानसभा में और न ही संसद में इस मुद्दे को गंभीरता से उठाया गया। इस जायज मांग को लगातार नजरअंदाज करके इस पूरे क्षेत्र के साथ अन्याय किया जा रहा है।

पार्टी ने एक तुलनात्मक तर्क देते हुए सरकार के रवैये पर सवाल उठाया। उन्होंने कहा कि जोधपुर के नजदीक बीकानेर में हाईकोर्ट बेंच बनाने पर सरकार विचार कर रही है, लेकिन दक्षिण राजस्थान के इस दूरदराज और आदिवासी बहुल क्षेत्र की ओर ध्यान नहीं दिया जा रहा है, जो स्पष्ट रूप से भेदभावपूर्ण है।

हिम्मत चांगवाल ने धरना स्थल पर जाकर अधिवक्ताओं को संबोधित किया और कहा कि अब इस मांग को लेकर कोई और विकल्प नहीं बचा है, सिवाय एक लगातार और अनिश्चितकालीन आंदोलन के। उन्होंने अधिवक्ताओं से अपील की कि यह आंदोलन तब तक जारी रहना चाहिए जब तक सरकार इस पर ठोस निर्णय नहीं ले लेती।

चांगवाल ने आश्वासन दिया, “यह सिर्फ वकीलों की लड़ाई नहीं, बल्कि इस पूरे क्षेत्र के नागरिकों का संघर्ष है। भारतीय कम्युनिस्ट पार्टी इस आंदोलन में कंधे से कंधा मिलाकर साथ चलने को तैयार है। न्याय की आसान पहुंच हर नागरिक का मौलिक अधिकार है और उदयपुर में बेंच की स्थापना ही इसकी गारंटी है।”

# सरकार के खिलाफ आदेश से कतराते हैं गैर-न्यायिक सदस्य

**भारत के चीफ जस्टिस (सीजेआई) बीआर गवई ने शनिवार को कहा कि न्यायाधिकरणों के कुछ गैर-न्यायिक सदस्य, जो आमतौर पर पूर्व नौकरशाह होते हैं, सरकार के खिलाफ कोई भी आदेश पारित करने से कतराते हैं। ऐसे कुछ न्यायाधीश... यह नहीं...**

"समानता और न्याय" पटियाला 22 सितम्बर INTERNATIONAL PAPER, 94636 01616 hardipchumber57@gmail.com

भारत के चीफ जस्टिस (सीजेआई) बीआर गवई ने शनिवार को कहा कि न्यायाधिकरणों के कुछ गैर-न्यायिक सदस्य, जो आमतौर पर पूर्व नौकरशाह होते हैं, सरकार के खिलाफ कोई भी आदेश पारित करने से कतराते हैं। ऐसे कुछ न्यायाधीश... यह नहीं भूलते कि वे प्रशासन से आते हैं। उन्होंने ऐसे सदस्यों से इस धारणा को तोड़ने का आग्रह किया।




केंद्रीय प्रशासनिक न्यायाधिकरण के 10वें अखिल भारतीय सम्मेलन को संबोधित करते हुए चीफ जस्टिस ने केंद्रीय कानून मंत्री अर्जुन राम मेघवाल और प्रधानमंत्री कार्यालय में राज्य मंत्री जितेंद्र सिंह की उपस्थिति में न्यायाधिकरणों और देश की न्याय प्रणाली से जुड़े विभिन्न मुद्दे उठाए।

सीजेआई गवई ने कहा कि प्रशासनिक न्यायाधिकरण में विविधता एक ताकत है, यह न्यायिक कौशल और प्रशासनिक अनुभव को एक साथ लाती है। लेकिन यह आवश्यक है कि सदस्यों को लगातार प्रशिक्षित किया जाए। पात्रता और आचरण के समान मानकों का पालन कराया जाए।

### अदालती आदेशों के खिलाफ अपील की प्रवृत्ति से गुरेज करें अधिकारी : मेघवाल

केंद्रीय कानून मंत्री अर्जुन राम मेघवाल ने सम्मेलन में कहा कि सरकारी विभागों में अदालती आदेशों को चुनौती देने की प्रवृत्ति पर अंकुश लगाने की जरूरत है। उन्होंने कहा कि कई बार अदालतों द्वारा ठोस फैसले दिए जाने के बावजूद सरकारी विभाग अपील दायर कर देते हैं। उन्होंने संकेत दिया कि कभी-कभी अधिकारी अपनी जान बचाने के लिए अदालत या कैट के आदेशों को चुनौती देने के लिए अपील दायर करते हैं।

# पीआरटीसी कर्मियों और पुलिस कर्मियों में झड़प

"समानता और न्याय" पटियाला 22 सितम्बर INTERNATIONAL PAPER, 94636 01616 hardipchumber57@gmail.com

जब पीआरटीसी कर्मियों ने बिना परमिट वाली एक निजी बस के मालिकों को सवारियां उठाने से रोकने की कोशिश की, तो दोनों पक्षों के बीच झगड़ा हो गया। मामला तब और बढ़ गया जब निजी बस चालकों के इशारे पर दो पुलिसकर्मियों ने पीआरटीसी चालक को जबरन गाड़ी में बिठाकर थाने ले जाने की कोशिश की। आक्रोशित पीआरटीसी चालकों ने शहर के चौराहों पर अपनी बसें खड़ी करके यातायात अवरुद्ध कर दिया। मामले की जांच के बाद, डीएसपी पातड़ां इंद्रपाल सिंह चौहान ने पीआरटीसी चालक की पिटाई करने वाले दोनों पुलिसकर्मियों को निलंबित कर दिया है और विभागीय जांच की सिफारिश की है।

पीआरटीसी इंस्पेक्टर लक्ष्मण सिंह ने बताया कि पीआरटीसी जीएम ने उन्हें फोन पर बताया कि पातड़ां में विभागीय आरोपियों और निजी बस चालक के बीच विवाद हो गया है, जिसके कारण सभी पीआरटीसी बसों का संचालन रोक दिया गया है। इंस्पेक्टर ने बताया कि खरकां रूट पर चलने वाली एक निजी बस का परमिट रद्द होने के बाद वे पातड़ां स्थित पुराने बस अड्डे से सवारियां उठा रहे थे। पीआरटीसी बस चालक यादविंदर सिंह ने बस रोकी तो दोनों पक्षों में बहस हो गई। निजी बस मालिक के बुलाने पर आए दो पुलिसकर्मियों ने पीआरटीसी बस चालक की गर्दन पकड़ ली और उसकी पिटाई शुरू कर दी। विरोध में पीआरटीसी चालकों ने पातड़ां चौराहों पर अपनी बसें खड़ी करके सड़क जाम कर दी। जब डीएसपी पातड़ां के कार्यालय में मामले का निपटारा हो रहा था, तभी चालक से बदसलूकी करने वाला पुलिस अधिकारी फिर से चालक को गालियां देने लगा, जिससे समझौता वार्ता टूट गई। पीआरटीसी कर्मचारी यूनियनों के नेताओं ने बताया कि विरोध स्वरूप पटियाला में बसें रोक दी गई हैं। उन्होंने कहा कि अगर मामला नहीं




सुलझा तो संगरूर और अन्य डिपो की बसें भी रोक दी जाएंगी। दूसरी ओर, निजी बस के मालिक नरिंदर सिंह ने स्वीकार किया कि बस बिना परमिट के चलाई जा रही थी। पठान के डीएसपी इंद्रपाल सिंह चौहान ने बताया कि पीआरटीसी चालक के साथ मारपीट करने वाले दोनों पुलिस अधिकारियों, गुरदीप सिंह और करणदीप सिंह को निलंबित कर दिया गया है।

# ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ




# इलाहाबाद HC ने UP पुलिस को कहा- FIR और पुलिस दस्तावेजों से 'जाति' हटाओ, अदालत ने कहा- "जाति गौरव दिखाना राष्ट्रविरोधी"

**जस्टिस विनोद दिवाकर ने पुलिस की 'जाति लिखने' की प्रथा पर जमकर की फटकार, यूपी सरकार और पुलिस प्रमुख को दिए ठोस निर्देश; जाति आधारित पहचान को दिया 'संवैधानिक नैतिकता के विरुद्ध' करार**

"समानता और न्याय" पटियाला 22 सितम्बर INTERNATIONAL PAPER, 94636 01616 hardipchumber57@gmail.com

इलाहाबाद - उत्तर प्रदेश पुलिस अब एफआईआर या किसी भी तरह के पुलिस दस्तावेज में आरोपियों की जाति दर्ज नहीं करेगी। इलाहाबाद हाईकोर्ट ने यह ऐतिहासिक और सुप्रीम कोर्ट के पूर्व के आदेशों के अनुरूप फैसला सुनाते हुए जाति आधारित पहचान को 'संवैधानिक नैतिकता के विरुद्ध' करार दिया है। कोर्ट ने कहा कि जाति का बढ़ावा देना या जाति के नाम पर गौरव महसूस करना राष्ट्रविरोधी है।

यह फैसला जस्टिस विनोद दिवाकर की खंडपीठ ने एक याचिका की सुनवाई के दौरान सुनाया। मामला एतवा में मद्यनिषेध (Excise) कानून के एक केस (क्राइम नंबर-108/2023) का था, जिसमें आवेदक प्रवीण छेत्री ने आरोपों को खारिज करने की मांग की थी। हालांकि कोर्ट का ध्यान इस बात पर गया कि पुलिस ने एफआईआर और जब्ती मेमो में सभी आरोपियों की जाति - 'माली', 'पहाड़ी राजपूत', 'ठाकुर', 'पंजाबी पराशर' और 'ब्राह्मण' - विस्तार से लिखी थी।

21वीं सदी की पहली तिमाही में, पुलिस अभी भी पहचान के साधन के रूप में जाति पर निर्भर है। यह दुर्भाग्यपूर्ण है।




जस्टिस विनोद दिवाकर, इलाहाबाद हाईकोर्ट

### ये है मामला

यह मामला एतवा जिले के जसवंतनगर पुलिस थाने में दर्ज एक मद्यनिषेध (Excise Act) के केस (क्राइम नंबर-108/2023) से शुरू हुआ। आवेदक प्रवीण छेत्री समेत पांच लोगों पर आरोप था कि वे हरियाणा से तस्करी करके लाई गई नकली नंबर प्लेट लगी कारों में शराब की बोतलें ले जा रहे थे। पुलिस ने एक स्कॉर्पियो और एक एक्सेंट कार से कुल 360 बोतलें बरामद की थीं।

पुलिस ने गिरफ्तारी के दौरान तैयार किए गए सभी दस्तावेजों (एफआईआर, जब्ती मेमो आदि) में हर आरोपी का नाम, पिता का नाम और उसकी जाति (जैसे माली, पहाड़ी राजपूत, ठाकुर, पंजाबी पराशर, ब्राह्मण) विस्तार से दर्ज किया था। प्रवीण छेत्री ने अपने खिलाफ चल रही इस आपराधिक कार्यवाही को रद्द करने की मांग करते हुए हाईकोर्ट का दरवाजा खटखटाया, जिसकी सुनवाई के दौरान कोर्ट की नजर इस 'जाति दर्ज करने' की प्रथा पर पड़ी और उसने इसे संवैधानिक मूल्यों के खिलाफ बताते हुए ऐतिहासिक टिप्पणियाँ कीं।

हाईकोर्ट ने सार्वजनिक स्थानों, गांव-कस्बों में लगे वो साइनबोर्ड, जो किसी खास जाति का गौरव दिखाते हैं या इलाके को किसी जाति विशेष का एलान करते हैं, उन्हें तुरंत हटाने को कहा।

### हाईकोर्ट ने पुलिस प्रमुख के तर्कों को ठुकराया

हाईकोर्ट ने इस प्रथा पर सवाल उठाते हुए राज्य के पुलिस महानिदेशक (DGP) से जवाब मांगा था। DGP ने हलफनामे में कहा था कि आरोपियों की पहचान में 'भ्रम' से बचने के लिए और केंद्र सरकार द्वारा बनाए गए फॉर्मेट में यह प्रावधान होने के कारण जाति लिखी जाती है।

हाईकोर्ट ने इन तर्कों को पूरी तरह खारिज कर दिया। जस्टिस दिवाकर ने कहा, "21वीं सदी की पहली तिमाही में, पुलिस अभी भी पहचान के साधन के रूप में जाति पर निर्भर है। यह दुर्भाग्यपूर्ण है।" कोर्ट ने कहा कि आधार, फिंगरप्रिंट, मोबाइल नंबर जैसे आधुनिक साधन मौजूद हैं, इसलिए जाति के नाम पर पहचान करना बिल्कुल अनावश्यक है।

### कोर्ट ने दिए ये निर्देश

जाति का कॉलम हटेगा: यूपी सरकार और पुलिस प्रमुख को सभी पुलिस फॉर्मेट्स (एफआईआर, गिरफ्तारी मेमो, चार्जशीट आदि) से आरोपी, शिकायतकर्ता या गवाह की जाति लिखने का कॉलम हटाना होगा। सिर्फ एससी/एसटी (अत्याचार निवारण) अधिनियम के मामलों में ही यह छूट रहेगी।

मां का नाम जोड़ना अनिवार्य: अब सभी पुलिस दस्तावेजों में आरोपी या शिकायतकर्ता के पिता के नाम के साथ-साथ उसकी मां का नाम भी लिखना अनिवार्य होगा।

थानों के नोटिस बोर्ड बदले जाएं: कोर्ट ने देखा कि थानों में लगे नोटिस बोर्ड पर भी आरोपियों की जाति लिखी होती है। कोर्ट ने इसे तुरंत हटाने का आदेश दिया है।

सार्वजनिक स्थानों के जातिवादी बोर्ड हटें: कोर्ट ने निर्देश दिया कि गांव-कस्बों में लगे वो साइनबोर्ड, जो किसी खास जाति का गौरव दिखाते हैं या इलाके को किसी जाति विशेष का एलान करते हैं, उन्हें तुरंत हटाया जाए और भविष्य में लगाने पर रोक लगाई जाए।

# चिल्ड्रन पार्क में नये ट्यूबवेल का रखा नींव पत्थर

"समानता और न्याय" पटियाला 22 सितम्बर INTERNATIONAL PAPER, 94636 01616 hardipchumber57@gmail.com

मुख्यमंत्री भगवंत मान की सरकार गांवों व शहरी इलाके में साफ पीने के पानी की सप्लाई को यकीनी बना रही है। इसी के चलते विधायक नीना मित्तल ने चिल्ड्रन पार्क में 36.70 लाख रूपये की लागत से नये टयूबवेल लगाने के कार्य का नींव पत्थर आजरखा है। इस मौके पर विधायक ने कहा कि पीने वाले पानी की



बढ़ती जरूरत का ध्यान मे रखते हुये यह योजना शुरू की गई है, इलाके के कई वार्डों में पानी की समस्या को ध्यान में रखते हुये मुख्य मंत्री के निर्देशों पर लोगों को जरूरी सुविधायें दी जा रही हैं। पानी के सही इस्तेमाल की जरूरत है। वहीं वहीं हमें धरती के नीचे के पानी को बचाने के लिये लोगों को जागरूक करने की भी जरूरत है।

इस मौके पर रितेश बंसल संगठन इंचार्ज राजपुरा, रमेश पहुजा प्रधान व्यापार मंडल, शाम सुदर वधवा, सचिन मित्तल, जेई गगनदीप सिंह, पार्षद कृष्ण अग्रवाल, बिक्रम सिंह कंडेवाला, गुरध्यान सिंह जोगा, दीपक शर्मा, सुमित बख्शी, रतनेश जिंदल, सरबजोत सिंह, सरपंच अमन सैनी, नितिन पहुजा सहित अन्य पार्टी कार्यकर्ता मौजूद थे।